# ਪ੍ਰੋ ਦਰਸ਼ਨ ਸਿੰਘ ਖਾਲਸਾ ਜੀ ਨੂੰ 7 ਜਨਵਰੀ ਲਈ ਸਾਡਾ ਸੁਝਾਅ ਪੱਤਰ
## ਤੁਛ ਗੁਰਸਿਖ ਕਾਫਲਾ ਅਤੇ ਜਾਨਬਾਜ ਫੋਰਸ

**ਪ੍ਰਮ ਸਤਿਕਾਰਯੋਗ ਪਿਆਰੇ ਗੁਰਸਿਖ ਭੈਣ ਬੀਬੀ ਸੁਰਿੰਦਰ ਕੌਰ ਨਿਹਾਲ ਜੀਉ ਅਤੇ ਗੁਰਸਿਖ ਵੀਰ ਭਾਈ ਬਚਿੱਤਰ ਸਿੰਘ ਆਹਲੂਵਾਲੀਆ ਜੀਉ,**

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਦੀ ਧਰਤ ਪਿਛਲੇ ਦਿਨਾਂ ਦੀਆਂ ਪੰਥ ਨਾਲ ਸਬੰਧਤ ਦੋ ਘਟਨਾਵਾਂ ਨੇ ਜਿਵੇਂ ਕੁਝ ਦਿਨਾਂ ਤੋਂ ਅਸਾਂ ਨੂੰ ਵੀ ਪੈਰਾਂ ਤੋਂ ਸਿਰ ਤੱਕ ਹਿਲਾਕੇ ਅਸੰਤੁਲਨ ਕਰ ਰੱਖਿਆ ਹੋਵੇ। ਹੁਣ ਗੁਰੂ ਅਸਰੇ ਫਿਰ ਸੰਤੁਲਨ ਹੋਏ ਹਾਂ। ਇਕ ਵਾਰੇ ਗੁਰੂ ਦੇ ਇਸ ਧਰਵਾਸ ਦੁਆਰਾ: **ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥** (ਪੰਨਾ 360)

ਜਿਸ ਦੀ ਪ੍ਰੋੜਤਾ ਪ੍ਰੋ ਭਾਈ ਦਰਸ਼ਨ ਸਿੰਘ ਜੀ ਦੇ ਇਹ ਬੋਲ ਕਰ ਗਏ ਨੇ: ਇਹ ਰਾਸ਼ਟਰੀ ਸੰਘ ਦੇ ਵਿੰਗ ਦਾ ਸਮਾਗਮ ਸੀ ਤੇ ਰੋਕਣ ਵਾਲੇ ਵੀ ਸੰਘ ਦੇ ਹੀ ਚੇਲੇ ਬਾਲੜੇ।

ਦੂਜੇ ਵਾਪਰੇ ਵਾਰੇ ਇਸ ਧਰਵਾਸ ਦੁਆਰਾ ਮੁੜ ਸੰਤੁਲਨ ਹੋਏ ਹਾਂ ਕਿ ਗੁਰੂ ਭਾਈ ਸਾਹਿਬ ਜੀ ਦੇ ਸੁਭਾਗੇ ਮੁੱਖ ਤੋਂ ਇਹ ਕਹਾਇਆ ਹੈ ਕਿ ਮੈਂ ਇਨਾਂ ਨੂੰ ਜਥੇਦਾਰ ਹੀ ਨਹੀਂ ਮੰਨਦਾ।

ਸੋ ਸਾਡੇ ਗੁਰੂ ਪਿਆਰੇ ਭੈਣ ਅਤੇ ਵੀਰ ਜੀ ਇਹ ਤੁਛ ਗੁਰਸਿਖ ਕਾਫਲਾ ਇਸੇ ਹੀ ਵਿਸ਼ੇ ਤੇ ਆਪਜੀ ਨਾਲ ਵਿਚਾਰ ਸਾਂਝੇ ਕਰਨ ਆਇਆ ਹੈ।

ਜਰਮਨੀ ਵਿਚ ਭਾਈ ਦਰਸ਼ਨ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨਾਂ ਸਮੇਂ ਦਾਸ ਉਨਾਂ ਨੂੰ ਇਕ ਰਸਾਲੇ ਦੇਸ ਪੰਜਾਬ ਦੇ ਮਈ 2003 ਦੇ ਅੰਕ ਦੀ ਟਾਇਟਲ ਤਸਵੀਰ, ਜਿਸ ਤੇ ਸਿਖ ਬੀਬੀਆਂ ਦੇ ਇਕੱਠ ਦੀ ਤਸਵੀਰ ਅਤੇ ਥੱਲੇ ਇਹ ਹਰਫ: 'ਸਿਖ ਧਰਮ ਵਿਚ ਔਰਤਾਂ ਦੇ ਹੱਕ', ਹੁੰਦੇ ਹਨ, ਸਮੇਤ ਇਸੇ ਸਰਲੇਖ ਵਾਲੀ ਲਿਖਤ ਦੇਂਦਾ ਹਾਂ। 1994 ਤੋਂ 2004 ਦੇ ਦਰਮਿਆਨ, ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ (ਜਰਮਨੀ) ਦੇ ਪ੍ਰੈਸ ਸਕੱਤਰ ਦੀ ਸੇਵਾ ਨਿਭਾਦਿਆਂ, ਇਹ ਇਕੋ ਇਕ ਨਿਜੀ ਲਿਖਤ ਹੈ ਜੋ ਇਸ ਵਿਸ਼ੇ ਤੇ ਜਥੇਬੰਦੀ ਦੇ ਵਿਚਾਰਾਂ ਦੀ ਜਾਂ ਚੁੱਪ ਦੀ ਨਾ ਕਬੂਲੀ ਵਜੋਂ ਹੋਂਦ ਵਿਚ ਆਈ। (ਕਾਪੀ ਨਾਲ) ਇਸ ਲਿਖਤ ਵਿਚ ਭਾਈ ਦਰਸ਼ਨ ਸਿੰਘ ਜੀ ਦਾ ਨਾਮ ਵੀ ਆਇਆ ਹੁੰਦਾ ਹੈ ਜੋ ਮਗਰੋਂ ਸਿਖ ਵਿਰਸੇ ਵਿਚ ਛਪਦੀ ਹੈ। ਇਸ ਮਗਰੋਂ ਦੇ ਭਾਈ ਦਰਸ਼ਨ ਸਿੰਘ ਜੀ ਨਾਲ ਸੰਪਰਕ ਵਾਰੇ ਜਿਕਰ 'ਸਿਖ ਜਾਂ ਸਾਕਤ' (naHiRamIana) ਦਸਤਾਵੇਜ਼ ਵਿਚ ਅੰਕਤ ਹੀ ਹੈ ਜੋ ਆਪਜੀ ਨੂੰ ਪਹਿਲੋਂ ਹੀ ਭੇਜਿਆ ਜਾ ਚੁੱਕਾ ਹੈ। ਇਸ ਵਿਚ ਭਾਈ ਦਰਸ਼ਨ ਸਿੰਘ ਜੀ ਨੂੰ ਸੰਬੋਧਤ ਇਹ ਹਰਫ ਦਰਜ ਹਨ:

"ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦਿਨ ਨੂੰ ਮਨਾਉਣ ਲਈ ਅਗਲੇ ਦਿਨ ਇਨਾਂ ਵਿਚੋਂ ਅਣਗਿਣਤ ਇਸ ਗੁਰੂ ਘਰ ਸੰਗਤ ਵਿਚ ਵੀ ਬੈਠੇ ਹੋਣਗੇ। ਇਸ ਵਿਸ਼ੇਸ਼ ਦਿਨ ਤੇ ਪੰਥ ਦੇ ਤਿੰਨ ਵਿਦਵਾਨ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ ਜੀ, ਇੰਗਲੈਂਡ ਤੋਂ ਡਾ ਗੁਰਦੀਪ ਸਿੰਘ ਜਗਬੀਰ ਅਤੇ ਡਾਕਟਰ ਹਰਦਿਆਲ ਸਿੰਘ ਇੰਗਲੈਂਡ ਪਹੁੰਚੇ ਹੋਏ ਹਨ। ਭਾਈ ਦਰਸ਼ਣ ਸਿੰਘ ਖਾਲਸਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹਨ। ਸੰਗਤ ਵਿਚ ਅਣਗਿਣਤ ਉਹ ਬੈਠੇ ਹਨ ਜਿਨਾਂ ਨੂੰ ਪੰਥ ਲਈ ਕੀਤੀਆਂ ਸੇਵਾਵਾਂ ਕਰਕੇ ਸਤਿਕਾਰਿਆਂ ਜਾਣਾਂ ਹੈ ਜਿਨਾਂ ਵਿਚ ਅਖਬਰਾਂ ਦੇ ਮਾਲਕ, ਪੱਤਰਕਾਰ ਵੀ ਬੈਠੇ ਹਨ। ਇਸ ਮੌਕੇ ਕਈਆਂ ਵਲੋਂ ਸ਼ਬਦ ਗੁਰੂ ਦਾ ਸਟੇਜ ਤੋਂ ਕੀਰਤਨ ਕੀਤਾ ਹੋਵੇਗਾ। ਕਈਆਂ ਵਲੋਂ ਆਪਣੇ ਵਿਚਾਰ ਸਟੇਜ ਤੋਂ ਸੰਗਤਾਂ ਨਾਲ ਸਾਂਝੇ ਕੀਤੇ ਹੋਣਗੇ। ਪ੍ਰੋਫੈਸਰ ਦਰਸ਼ਨ ਸਿੰਘ ਖਾਲਸਾ ਜੀ ਅਤੇ ਹੋਰ ਸਿਖ ਸਖਸ਼ੀਅਤਾਂ ਵਲੋਂ ਵਿਸ਼ੇਸ਼ ਸੇਵਾਵਾਂ ਕਰਕੇ, ਸਤਿਕਾਰ ਦੇ ਪਾਤਰ ਗੁਰਸਿਖ, ਸਿਰਪਾਉ ਦੀਆਂ ਬਖਸ਼ਿਸਾਂ ਨਾਲ ਨਿਵਾਜ਼ੇ ਜਾ ਰਹੇ ਨੇ। "

"ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਆਏ ਤਿੰਨ ਮੁਖ ਮਹਿਮਾਨ ਵਿਦਵਾਨਾਂ ਵਿਚੋਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਦਰਸ਼ਨ ਸਿੰਘ ਖਾਲਸਾ ਜੀ, ਜੋ ਗੁਰੂ ਗ੍ਰੰਥ ਸਾਹਿਬ ਅਕੈਡਮੀ ਦੇ ਮੁਖੀ ਤੇ ਗੁਰਬਾਣੀ ਦਾ ਕੀਰਤਨ ਅਤੇ ਅਰਥ ਸੰਗਤ ਨੂੰ ਸਮਝਾਉਣ ਵਾਲੇ ਵੀ ਹਨ, ਗੁਰੂ ਦੀ ਤਾਬਿਆ ਬੈਠੇ, ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ ਵੇਖ ਰਹੇ ਨੇ। ਉਨਾਂ ਮਗਰੋਂ ਡਾਕਟਰ ਗੁਰਦੀਪ ਸਿੰਘ ਜਗਬੀਰ, ਡਾ ਹਰਦਿਆਲ ਸਿੰਘ ਜੀ, ਇਨਾਂ ਨਾਲ ਸਾਹਿਬ ਸ੍ਰੀ ਗੁਰ ਗ੍ਰੰਥ ਜੀ ਦੇ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ

ਫਰੰਕਫਰਟ, ਪਹੁੰਚੀਆਂ ਜਰਮਨੀ ਦੇ ਹੋਰ ਅਠਾਰਾਂ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਧਿਰਾਂ, ਜਿਨਾਂ ਵਿਚ ਇਹ ਲਿਖਾਰੀ ਵੀਰ ਵੀ ਹੈ, ਜਾਂ ਤੇ ਸਟੇਜ ਤੋਂ ਸਾਹਮਣੀ ਦੀਵਾਰ ਤੇ ਲੱਗੀਆਂ ਤਸਵੀਰਾਂ, ਵੇਖ ਰਹੀਆਂ ਨੇ ਜਾਂ ਇਨਾਂ ਤਸਵੀਰਾਂ ਨੂੰ ਪਿਠ ਕਰੀ ਬੈਠੀਆਂ ਹਨ। "

"**ਸਤਿਕਾਰਯੋਗ ਭਾਈ ਦਰਸ਼ਨ ਸਿੰਘ ਜੀ,** ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਫਰੰਕਫਰਟ ਆਏ ਸਿਖ ਵਿਦਵਾਨ ਤਬਕੇ ਦੇ ਤਿੰਨ ਮੁੱਖ ਮਹਿਮਾਨਾਂ ਵਿਚੋਂ ਸੱਭ ਤੋਂ ਵੱਡੇ ਨਾਮ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ, ਪ੍ਰੋਫੈਸਰ, ਕੀਰਤਨੀਏ, ਗੁਰਬਾਣੀ ਅਰਥ ਸੰਗਤ ਨੂੰ ਸਮਝਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਕੈਡਮੀ ਦੇ ਮੁਖੀ, ਖਾਲਸੇ ਹੋਣ ਕਰਕੇ ਦਾਸ ਆਪਜੀ ਨੂੰ ਮੁਖਾਤਬ ਹੁੰਦਾ ਹੈ:

ਸਿੰਘ ਸਹਿਬਾਨ ਜੀ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿੰਨ ਸੌ ਸਾਲਾ ਪਵਿਤ੍ਰ ਗੁਰਤਾਗੱਦੀ ਦਿਹਾੜਾ ਮਨਾਉਣ ਤੋਂ ਮਗਰੋਂ ਆਪਜੀ ਗੁਰੂ ਘਰ ਕੋਲਨ ਆਉਂਦੇ ਹੋ। ਦਾਸ ਨੂੰ ਆਪਜੀ ਨਾਲ ਫੋਨ ਤੇ ਫਤਹਿ ਸਾਂਝੀ ਕਰਨ ਦਾ ਸਬੱਬ ਮਿਲਦਾ ਹੈ।

ਸਿਖ ਸਰੂਪ ਵਿਚ ਬਿਪਰਨ ਵੱਲੋਂ ਅਖੌਤੀ ਨਕਲੀ ਅਸ਼ਲੀਲ ਅਤੇ ਕੂੜ ਨੂੰ ਵੀ ਦਸ਼ਮੇਸ਼ ਗੁਰੂ ਦੀ ਬਾਣੀ ਕਹਿਕੇ ਜਬਰੀ ਉਨਾਂ ਦੇ ਨਾਮ ਨਾਲ ਮੜ੍ਹਨ ਅਤੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੈਦਾ ਕਰਕੇ, ਬਰਾਬਰ ਪ੍ਰਕਾਸ਼ ਕਰਨ ਦੇ ਖਿਲਾਫ, ਆਪਜੀ ਵਲੋਂ ਬੇਖੌਫ ਆਵਾਜ ਉਠਾਣ ਲਈ ਦਾਸ ਆਪਜੀ ਦਾ ਧੰਨਬਾਦ ਕਰਦਾ ਹੈ ਅਤੇ ਅਗਾਂਹ ਵੀ ਇਸੇ ਹੀ ਸੱਚ ਕਿ ਸਿਖਾਂ ਦਾ ਸਿਰਫ ਤੇ ਸਿਰਫ ਇਕ ਹੀ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਦਸਮ ਗ੍ਰੰਥ ਬਿਪਰਨ ਵੱਲੋਂ ਗੁਰੂ ਦੇ ਅਸਲ ਨੂੰ ਲੈਕੇ ਬਿਗਾੜੀ ਹੋਈ, ਬਿਪਰਨ ਦੀ ਪੁਸਤਕ ਹੈ ਜਿਸ ਨੂੰ ਬਿਪਰਣ ਜਬਰੀਂ ਗੁਰੂ ਦੇ ਨਾਮ ਮੜ੍ਹਕੇ, ਚੋਰ ਦਰਵਾਜੇ ਦਸ਼ਮੇਸ਼ ਪਿਤਾ ਨੂੰ ਨਸ਼ੇ ਕਰਕੇ ਕਾਮ ਕਿਰਿਆ ਵਿਚ ਰੁਝਿਆਂ ਦਾ, ਉਨਾਂ ਤੋਂ ਚੋਰੀਂ ਜਾਂ ਉਨਾਂ ਦੀ ਆਗਿਆ ਨਾਲ, ਡਿੱਠਾ ਹਾਲ ਲਿਖਣ ਵਾਲਾ ਅਤੇ ਇਸ ਤੇ ਆਪਣੀਆਂ ਟਿਪਣੀਆਂ ਅਤੇ ਸੁਝਾਅ ਅੰਕਤ ਕਰਨ ਵਾਲਾ, ਐਲਾਨਣ ਵਾਲੇ ਗੁਰੂ ਦੇ ਧ੍ਰੋਹੀ, ਸਣਾਉਂਦੇ ਰਹਿਣ ਲਈ ਦਾਸ ਆਪਜੀ ਦੀ ਹੋਸਲਾ ਅਫਜਾਈ ਕਰਦਾ ਹੈ।

ਅੱਜ ਭਰੂਣ ਹੱਤਿਆਂ ਦੇ ਅੰਕੜਿਆਂ ਨੂੰ ਨਕਲੀ ਕਰਕੇ, ਸਿਖਾਂ ਸਿਰ ਸੱਭ ਤੋਂ ਉਪਰ ਗਰਭ ਵਿਚ ਕੁੜੀਆਂ ਮਾਰਨ ਦੇ ਨਕਲੀ ਅੰਕੜੇ ਮੜ੍ਹ ਦੇਣ ਦਾ ਅੱਤ ਘਿਨਾਉਣਾਂ ਕਾਰਾ, ਹਰ ਸਿਖ ਦਾ ਭੁਲੇਖਾ ਦੂਰ ਹੋ ਜਾਣ ਲਈ ਇਸ ਸੱਚ ਤੇ ਮੋਹਰ ਹੈ ਕਿ ਇਹ ਸ਼ੈਤਾਨ ਜੁਰਾਇਮਪੇਸ਼ਾ ਵਿਰਤੀ ਬਿਪਰਨ ਤਖਤ, ਪਹਿਲੋਂ ਵੀ ਇਵੇਂ ਹੀ ਗੁਰਮਤਿ ਦੇ ਸੱਚੇ ਸਾਹਿਤ ਵਿਚ ਜਿਥੇ ਦਾਅ ਲੱਗਾ ਆਪਣੇ ਕੂੜ ਦਾ ਰਲਾ ਕਰਦਾ ਆਇਆ ਹੈ।

ਦਾਸ ਆਪਜੀ ਨੂੰ ਇਕ ਫਾਇਲ, ਜਿਸ ਵਿਚ ਦਾਸ ਦੀਆਂ ਉਦੋਂ ਤੱਕ ਛਪੀਆਂ ਅਤੇ ਅਣਛਪੀਆਂ ਲਿਖਤਾਂ ਸਨ, ਆਪਜੀ ਦੇ ਇਥੇ ਹੁੰਦਿਆਂ ਹੀ ਪਹੁੰਚਦੀ ਕਰਦਾ ਹਾਂ। ਯਾਦ ਰਹੇ ਕਿ ਇਸ ਮਗਰੋਂ ਵੀ ਜੋ ਗੁਰੂ ਆਸਰੇ ਹੁਣ ਤੱਕ ਕਲਮਬੰਦ ਹੋ ਸਕਿਆ, ਏਮੇਲ ਦੁਆਰਾ ਆਪਜੀ ਨੂੰ ਪਹੁੰਚਦਾ ਕੀਤਾ ਜਾਂਦਾ ਰਿਹਾ ਹੈ। ਇਸ ਪਹੁੰਚਾਈ ਫਾਇਲ ਦੇ ਤਕਰੀਬਨ ਅੰਤ ਤੇ ਇਹ ਆਖਰੀ ਜਰੂਰੀ ਲਿਖਤ:

**'ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ**

**ਗੁਰੂ ਆਸਰੇ ਇਕ ਆਸ ਉਮੀਦ ਅਤੇ ਗੁਰਸਿਖ ਖਾਲਸਾ ਪੰਥ ਦੀ ਜ਼ਿਮੇਵਾਰੀ'**

(52 ਸਫੇ) ਹੁੰਦੀ ਹੈ। ਇਸ ਫਾਇਲ ਵਿਚ ਇਹ ਲਿਖਤ ਗੁਰੂ ਇਸ ਆਸ ਨਾਲ ਕਰਵਾਈ ਸੀ ਕਿ ਸ਼ਾਇਦ ਇਹ ਪੜ੍ਹਦਿਆਂ ਆਪਜੀ ਨੂੰ ਖਿਆਲ ਆ ਜਾਵੇ, ਯਾਦ ਆ ਜਾਵੇ ਕਿ ਆਪਜੀ ਜਾਣੇ ਆਣਜਾਣੇ ਗੁਰਮਤਿ ਅਸੂਲਾਂ ਦੇ ਉਲਟ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਵੇਖਕੇ ਖਾਮੋਸ਼ ਰਹਿ ਜਾਣਾਂ, ਇਕ ਤਰਾਂ ਇਸ ਬਿਪਰਨ ਰੀਤ ਨਾਲ ਸਹਿਮਤੀ, ਸ਼ਮੂਲੀਅਤ ਅਤੇ ਇਸ ਨੂੰ ਚਾਲੂ ਰੱਖਣ ਲਈ ਹੱਲਾ ਸ਼ੇਰੀ ਜਾਹਰ ਕਰ ਦੇਣੀ ਹੈ। ਆਪਜੀ ਵੱਲੋਂ ਸਿਖ ਕਿਰਦਾਰ ਅਨੁਸਾਰ ਬਣਦੇ ਕਰਮ ਨੂੰ ਜਾਣੇ ਅਨਜਾਣੇ ਤਿਆਗਣ ਦੀ ਅਵੱਗਿਆ ਨਾਲ ਮਾੜੇ ਦਾ ਭਾਰ ਸਿਰ ਕਰ ਲਿਆ ਹੈ ਅਤੇ ਹੁਣ ਤੱਕ ਦੀ ਆਪਣੀ ਅਣਥੱਕ ਸੇਵਾ ਨੂੰ ਨਿਸਫਲ ਕਰ ਲਿਆ ਹੈ। ਇਹ ਗੁਰਬਾਣੀ ਸੱਚ ਕਿ ਜਾਣੇ ਗੁਰੂ ਹੁਕਮਾਂ ਦੇ ਉਲਟ ਇਕ ਹੀ ਮਨਭਾਣੀ ਕਾਰ ਕਾਫ਼ੀ ਹੈ, ਹੁਣ ਤੱਕ ਦੀ ਸੱਭ ਕੀਤੀ ਚੰਗਿਆਈ ਤੇ ਪੋਚਾ ਫੇਰ ਲੈਣ ਲਈ ਅਤੇ ਡਿਗਕੇ ਮੁੜ ਥੱਲਿਉਂ ਗੁਰੂ ਨਾਲ ਮੁੜ ਸ਼ੁਰੂ ਕਰਨਾਂ ਹੈ, ਸੂਬੇਦਾਰ ਧਰਮ ਸਿੰਘ ਸੁਜੋਂ ਦੀ ਕਿਤਾਬ 'ਗੁਰਬਾਣੀ ਅਤੇ ਸਾਇੰਸ ਦੀ ਰੌਸ਼ਨੀ ਵਿਚ ਅਕਾਲ ਪੁਰਖ' ਵਿਚ ਦਰਜ ਵੀ ਵੇਖ ਸਕਦੇ ਹਾਂ।

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**

**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥** (ਪੰਨਾ 335)
**ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥** (ਪੰਨਾ 515)
**ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥** (ਪੰਨਾ 181)

ਪਿਆਰੇ ਵੱਡੇ ਨਾਮ, ਬਜੁਰਗ ਵੱਡੇ ਵੀਰ ਜੀ, ਦਾਸ ਜੀ ਦੇ ਦਿਲ ਵਿਚ ਆਪਜੀ ਦੀ ਪੰਥ ਲਈ ਅਥੱਕ ਸੇਵਾ ਦਾ ਬਹੁਤ ਹੀ ਸਤਿਕਾਰ ਹੈ ਅਤੇ ਦਿਲ ਦਰਦ ਹੈ। ਆਪਾਂ ਸੱਭ ਦੇ ਭਲੇ ਅਤੇ ਗੁਰੂ ਭਾਏ ਨਿੱਜੀ ਉਭਾਰ ਲਈ ਅਤੇ ਇਵੇਂ ਆਪਣੇ ਗੁਰੂ ਦੇ ਉਭਾਰ ਲਈ ਕਰਤਾ ਪੁਰਖ ਜੋ ਸੁਝਾਇਆ, ਆਪਜੀ ਨਾਲ ਸਾਂਝਾ ਕਰ ਰਿਹਾ ਹਾਂ। ਮੰਨਣਾਂ ਜਾਂ ਨਾ ਮੰਨਣਾਂ ਆਪਜੀ ਦੀ ਮਰਜੀ ਤੇ ਛੱਡਦੇ ਹੋਏ।

1) ਜਾਣੇ ਅਣਜਾਣੇ ਗੁਰਮਤਿ ਅਸੂਲਾਂ ਦੇ ਉਲਟ ਆਪਣੇ ਸ਼ਬਦ ਗੁਰੂ ਦੇ, ਸਿਖ ਧਰਮ ਅਤੇ ਗੁਰੂ ਰੂਪ ਖਾਲਸਾ ਪੰਥ ਅਤੇ ਪੰਥ ਦੀਆਂ ਪਵਿਤ੍ਰ ਪ੍ਰੰਪਰਾਵਾ, ਨਿਯਮਾਂ ਅਤੇ ਸ਼ਹੀਦਾਂ ਦੇ ਘੋਰ ਅਪਮਾਨ ਦੀ ਬਿਪਰਨ ਰੀਤ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਵੇਖਕੇ ਖਾਮੋਸ਼ ਰਹਿ ਜਾਣ ਦੀ ਹੋਈ ਅਵੱਗਿਆ ਦੇ ਪਸ਼ਚਾਤਾਪ ਅਤੇ ਭੁੱਲ ਬਖਸ਼ਾਈ ਦੀ ਗੁਰੂ ਅੱਗੇ ਗੁਪਤ ਜਾਂ ਸੰਗਤਾਂ ਨੂੰ ਦੱਸਕੇ, ਕਿਸੇ ਗੁਰੂ ਘਰ ਜਾਕੇ ਆਪਜੀ ਵੱਲੋਂ ਅਰਦਾਸ ਕਰਨੀ ਜਾਂ ਕਰਵਾਣੀ ਅਤੇ ਗੁਰੂ ਘਰ ਫਰੰਕਫਰਟ ਦੇ ਪ੍ਰਬੰਧਕਾਂ ਨੂੰ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਾਲ ਵਿਚੋਂ ਸਤਿਕਾਰਯੋਗ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਜਲਦੀ ਤੋਂ ਜਲਦੀ ਲਾਹਕੇ, ਉਨਾਂ ਨੂੰ ਬਣਦੀ ਕਿਸੇ ਹੋਰ ਸਤਿਕਾਰਯੋਗ ਥਾਂ ਤੇ ਕਰਨ ਦੀ ਪੁਰਜੋਰ ਅਪੀਲ ਕਰਨੀ ਅਤੇ ਇਸ ਦੀ ਜਾਣਕਾਰੀ ਸੰਗਤ ਨੂੰ ਦੇ ਦੇਣੀਂ।

2) ਸਿਖ ਧਰਮ ਅਤੇ ਸਰਬਉਚ ਅਸਥਾਨਾਂ ਕਾਬਜ ਭਾਜਪਾ ਦੇ, ਇਸ ਦੀ ਆਰ ਐਸ ਐਸ ਦੇ ਅਤੇ ਇਨਾਂ ਦੀਆਂ ਬਿਪਰਨ ਰੀਤਾਂ ਦੇ ਗੁਲਾਮ, ਸਿਖ ਸਰੂਪ ਵਿਚ ਬਿਪਰਣ, ਇਸ ਦੇ ਅਖੌਤੀ ਨਕਲੀ ਜਥੇਦਾਰ, ਆਪਣੀ ਨਕਲੀ ਟਕਸਾਲ ਨੂੰ ਨਾਲ ਲੈਕੇ, ਵਿਚਾਰ, ਦਲੀਲ ਅਤੇ ਸੱਚ ਦਾ ਰਾਹ ਤਿਆਗਕੇ ਜਿਥੇ ਤਲਵਾਰ ਦੇ ਜੋਰ ਤੇ ਬਿਪਰਨ ਵਲੋਂ ਨਕਲੀ ਤਿਆਰ ਕੂੜ ਦੇ ਗ੍ਰੰਥ ਨੂੰ ਗੁਰੂ ਦਸ਼ਮੇਸ਼ ਦੀ ਬਾਣੀ ਐਲਾਨ ਰਹੇ ਨੇ, ਇਸ ਦੇ ਪਾਠ, ਅਖੰਡਪਾਠ ਕਰ ਰਹੇ ਨੇ, ਉਥੇ ਸਿਖ ਸਰੂਪ ਵਿਚ ਇਹ ਬਿਪਰਣ ਸਾਕਤ ਹੁਣ ਆਪਣੇ ਇਸ ਕੁਕਰਮ ਦੇ ਖਿਲਾਫ ਉਠਦੀ ਗਰੁਮਤਿ ਸੱਚ ਦੀ ਆਵਾਜ ਨੂੰ ਤਲਵਾਰ ਦੇ ਜੋਰ ਤੇ ਖਾਮੋਸ਼ ਕਰਨੀ, ਐਲਾਨ ਰਹੇ ਹਨ। ਆਪਜੀ ਨੂੰ ਇੰਗਲੈਂਡ ਆਇਆਂ ਨੂੰ, ਇਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ, ਗੁਰੂ ਦੇ ਨਾਮ ਨਾਲ ਜਬਰੀ ਮੜ੍ਹੇ ਬਿਪਰਨ ਦੇ ਕਾਮਾਂ ਸੂਤਰਾਂ ਕਿਤਾਬ ਦੇ ਪ੍ਰਕਾਸ਼ ਸ਼ੁਰੂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ, ਇਸ ਨੂੰ ਮੰਨਣ ਦਾ ਹੁਕਮ ਦੇਣ ਵਾਲੇ ਗੁਰੂ ਨਾਲ ਅਤੇ ਖਾਲਸਾ ਪੰਥ ਨਾਲ ਧ੍ਰੋਹ ਕਰਨ ਵਾਲਿਆਂ, ਗੁਰੂ ਸੰਤਾਨ ਦੀਆਂ ਫੋਟੋ ਸ਼ਬਦ ਗੁਰੂ ਅੱਗੇ ਕਰਕੇ ਇਨਾਂ ਦੀ ਪੂਜਾ ਕਰਵਾਣ ਵਾਲਿਆਂ, ਸ੍ਰੀ ਸਾਹਿਬਾਂ ਨਾਲ ਨਾਰੀਅਲ ਕੱਟਣ ਵਾਲਿਆਂ, ਪੰਥ ਦੇ ਤਖਤ ਹਜੂਰ ਸਾਹਿਬ ਦੀ ਹੱਦ ਵਿਚ ਬੱਕਰਿਆਂ ਦੀ ਬਲੀ ਦੇ ਕੇ ਉਸਦੇ ਸਿਰ ਨੂੰ ਸ਼ਬਦ ਗੁਰੂ ਅਸਥਾਨ ਵਿਚ ਲਿਆਉਣ, ਇਸ ਦੇ ਖੂਨ ਨਾਲ ਦਸ਼ਮੇਸ਼ ਪਿਤਾ ਦੇ ਸ਼ਸਤਰਾਂ ਨੂੰ ਤਿਲਕ ਲਾਉਣ (http://media.punjabilokvirsa.com/427752/Killing-a-Goat-at-Hazoor-Sahib,-India) ਦੇ ਅਤਿ ਨੀਚੋਂ ਨੀਚ ਕੁਕਰਮਾਂ ਦੁਆਰਾ **ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥** (ਪੰਨਾ 266) ਹੋ, ਆਪਣੇ ਲਈ ਜੂਨਾਂ ਦੇ ਜੰਮਣ ਮਰਣ ਅਤੇ ਕਿਸੇ ਜੂਨ ਵੀ ਸੁਪਨੇ ਸੁਖ ਤੋਂ ਵਾਂਝੇ ਕਰ ਲੈਣ ਵਾਲਿਆਂ, ਪਰ ਫਿਰ ਵੀ ਆਪਣੇ ਆਪਨੂੰ ਸਿਖ ਕਹਾਉਣ ਵਾਲਿਆਂ, ਪਹਿਲਾਂ ਤਲਵਾਰ ਦੇ ਜੋਰ ਤੇ ਇਕ ਗੁਰੂ ਘਰ ਵਿਚ ਆਪਜੀ ਦੇ ਕੀਰਤਨ ਕਰਨ ਦੇ ਪ੍ਰੋਗਰਾਮ ਨੂੰ ਕੈਂਸਲ ਕਰਵਾਇਆ ਅਤੇ ਫਿਰ ਗੁਪਤ ਰਹਿੰਦੇ ਜਾਨੋਂ ਮਾਰਨ ਦੀਆਂ ਆਪਜੀ ਨੂੰ ਧਮਕੀਆਂ ਦਿੱਤੀਆਂ ਗਈਆਂ। ਆਪਜੀ ਵਲੋਂ ਇਨਾਂ ਦੇ ਕੁਕਰਮਾਂ ਦੇ ਖਿਲਾਫ ਗੁਰਮਤਿ ਸੱਚ ਦੀ ਰਾਖੀ ਲਈ ਹਮੇਸ਼ਾਂ ਬੋਲਦੇ ਰਹਿਣ ਅਤੇ ਇਸ ਬਦਲੇ ਸ਼ਹੀਦੀ ਸਵਿਕਾਰ ਕਰਨਾ ਮਨਜੂਰ ਐਲਾਇਆਂ ਜਾ ਰਿਹਾ ਹੈ।

ਸਿੰਘ ਸਹਿਬਾਨ ਜੀਉ ਗੁਰੂ ਨੂੰ, ਕਰਤੇ ਨੂੰ ਉਸ ਦੇ ਭਾਣੇ ਅਨੁਸਾਰ, ਪੂਰਣ ਮੰਤਵ ਲਈ ਦਿੱਤੀ ਸ਼ਹਾਦਤ, ਸ਼ਹੀਦੀ ਹੀ ਮਨਜੂਰ ਹੈ। ਜਿਵੇਂ ਉਸ ਲਈ ਇਕ ਪਾਸੇ ਬਿਪਰਨ ਵਲੋਂ ਰਲਾ ਕਰਕੇ ਅਖੌਤੀ ਨਕਲੀ ਕੀਤੇ ਅਤਿ ਨੀਚ ਕਾਮਾਂ ਸੂਤਰਾ ਕਿਤਾਬ ਨੂੰ ਸਾਡੇ ਦਸ਼ਮੇਸ਼ ਪਿਤਾ ਦੇ ਨਾਮ ਨਾਲ ਜਬਰੀ ਮੜ੍ਹਨ ਅਤੇ ਇਸ ਦੇ ਪ੍ਰਕਾਸ਼, ਪਾਠਾਂ, ਅਖੰਡਪਾਠਾਂ ਦੇ ਖਿਲਾਫ ਆਵਾਜ ਉਠਾਉਣੀ ਅਤੇ ਦੂਜੇ ਪਾਸੇ ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲਾਈਆਂ ਤਸਵੀਰਾਂ ਦੇ ਕੁਕਰਮ ਨੂੰ ਵੇਖ ਕੇ ਚੁਪ ਰਹਿਣਾਂ, ਹਿਸਾਬ ਜੀਰੋ ਕਰਕੇ ਆਪਣੇ ਆਪਨੂੰ ਖਾਲੀ ਹੱਥ ਕਰ ਲੈਣਾਂ ਹੈ, ਇਸੇ ਤਰਾਂ ਇਕ ਪਾਸੇ ਜਬਰੀ ਝੂਠ ਸਵਿਕਾਰ ਕਰਵਾਣ ਲਈ ਨਿਕਲੇ ਸਿਖ ਸਰੂਪ ਬਿਪਰਨ ਦਾ ਭੈਅ ਨਾ ਕਬੂਲਦੇ, ਇਨਾਂ ਹੱਥੋਂ ਸ਼ਹੀਦ ਹੋਣਾਂ ਮਨਜੂਰ ਐਲਾਨਣਾਂ, ਪਰ ਦੂਜੇ ਪਾਸੇ ਇਹ ਸਿਖ ਸਰੂਪ ਵਿਚ ਬਿਪਰਨ, ਜਿਸ ਬਿਪਰਨ ਤਖਤ ਦੀ ਹਮਾਇਤ, ਸ਼ਹਿ ਅਤੇ ਹਦਾਇਤਾਂ ਤੇ ਦਣਦਣਾਉਂਦੇ ਫਿਰ ਰਹੇ

ਨੇ, ਉਸ ਬਿਪਰਨ ਤਖਤ ਦਾ ਭੈਅ ਸਵਿਕਾਰ ਕਰਦੇ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਜਾਰੀ ਹੁਕਮਨਾਮੇਂ ਨੂੰ ਠੁਕਰਾਇਆ ਹੋਣਾਂ, ਹਿਸਾਬ ਜੀਰੋ ਕਰਕੇ, ਸੰਸਾਰੋਂ ਖਾਲੀ ਹੱਥ ਜਾਣਾਂ ਹੈ। ਜੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ, ਆਪਜੀ ਵਲੋਂ ਆਪਣੇ ਲਈ ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਜਾਣਿਆਂ ਅਤੇ ਹੋਰ ਸੇਵਾ ਤੋਂ ਉਪਰ ਇਸ ਮੁਤਾਬਕ ਚੱਲਿਆ ਹੁੰਦਾ ਤਾਂ ਜੋ ਅੱਜ ਗੁਰੂ ਇਸ ਪ੍ਰਾਣੀ ਦੁਆਰਾ ਆਪਜੀ ਨਾਲ, ਪੰਥ ਨਾਲ ਸਾਂਝਾ ਕਰਵਾ ਰਿਹਾ ਹੈ, ਤੁਸਾਂ ਦੁਆਰਾ ਸਾਂਝਾ ਕਰਵਾਇਆ ਜਾਣਾਂ ਸੀ ਅਤੇ ਖੁਸ਼ਖਬਰੀ ਐਲਾਨਨਾਮੇ ਤੁਸਾਂ ਵਲੋਂ ਲਿਖੇ ਜਾਣੇ ਸਨ।

ਇਹ ਐਲਾਨ ਕਿ ਤੁਸਾਂ ਲਈ ਰਹਿੰਦੀ ਜਿੰਦਗੀ ਦਾ ਮੁਖ ਉਦੇਸ਼ ਜਿਥੇ ਗੁਰਮਤਿ ਸੱਚ ਅਤੇ ਸਿਖ ਕਿਰਦਾਰ ਦੀ ਰਾਖੀ ਲਈ ਹੁਣ ਵਾਂਗ ਅਡੋਲ ਖੜ੍ਹਦੇ ਰਹਿਣਾ ਹੈ ਉਥੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਤੁਸਾਂ ਲਈ ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ, ਹੀ ਗੁਰੂ ਅਨੁਸਾਰ ਆਪਣੇ ਆਪਨੂੰ ਸ਼ਹੀਦੀ ਲਈ ਪੂਰਣ ਰੂਪ ਵਿਚ ਤਿਆਰ ਕਰਦੇ ਹੋਏ, ਆਪਣੇ ਆਪਨੂੰ ਪੂਰਣ ਰੂਪ ਵਿਚ ਇਕੋ ਇਕ ਆਪਣੇ ਸਿਰਜਣਹਾਰ ਅਕਾਲਪੁਰਖ ਦੇ ਹੁਕਮ ਅਤੇ ਰਜਾ ਦੇ ਅਧੀਨ ਕਰ ਲੈਣਾਂ ਹੈ।

**ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥**
**ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥** (ਪੰਨਾ 732)

ਹਾਂ ਕਿਤੇ ਅਣਜਾਣੇ ਗੁਰਮਤਿ ਦੀ ਗਲਤ ਬਖਿਆਨੀ ਜਾਂ ਕਿਸੇ ਖਿਲਾਫ ਅਣਜਾਣੇ ਗਲਤ ਕਹਿ ਗਿਆ ਹੋਵਾਂ, ਚਿਤਾਰਨ ਤੇ ਮੁੜ ਵਿਚਾਰ ਕਰਾਂਗਾ, ਆਣਜਾਣੇ ਹੋਈ ਭੁੱਲ ਨੂੰ ਸੁਧਾਰਾਂਗਾ ਅਤੇ ਨਿਵ ਮੁਆਫੀ ਜਾਂ ਸਜਾ ਲਈ ਜੋ ਮਨਜੂਰ, ਹਾਜਰ ਹੋਵਾਂਗਾ।"

**ਸਾਡਾ ਸੁਝਾ ਬੇਨਤੀ:** ਸੱਭ ਤੋਂ ਪਹਿਲੇ ਭਾਈ ਦਰਸ਼ਨ ਸਿੰਘ ਜੀ ਨਾਲ ਮਿਲਣ ਦਾ ਸਮਾਂ ਮੁਕਰਰ ਹੋ ਜਾਵੇ। ਮਿਲਣ ਤੋਂ ਪਹਿਲੇ ਉਨਾਂ ਨੂੰ ਇਸ ਤੁਛ ਗੁਰਸਿਖ ਕਾਫਲੇ ਦਾ ਆਪਜੀ ਦੇ ਨਾਮ ਖਤ ਅਤੇ ਆਪਜੀ ਦਾ ਜਬਾਬ ਖਤ ਕਿਸੇ ਬਿਧ ਪਹੁੰਚਦਾ ਕਰ ਦਿੱਤਾ ਜਾਵੇ। ਸਿਰਫ ਇਹ ਇਕ ਹੀ ਹੈ ਜੋ ਅਜੇ ਹੋਰਨਾਂ ਵਾਂਗ ਭਾਈ ਦਰਸ਼ਨ ਸਿੰਘ ਜੀ ਕੋਲ ਨਾ ਪਹੁੰਚਿਆ ਗਿਆ ਹੈ। ਬਾਕੀ ਜਿਸ ਵਿਚੋਂ ਉਪਰ ਹਵਾਲੇ ਹਨ ਉਹ ਦਸਤਾਵੇਜ਼, 'ਸਿਖ ਜਾਂ ਸਾਕਤ' (naHiRamIana) ਅਤੇ ਹੋਰ ਜੋ ਆਪਜੀ ਨੂੰ ਪਹੁੰਚਦਾ ਕੀਤਾ ਹੈ, ਉਨਾਂ ਕੋਲ ਪਹਿਲੋਂ ਪਹੁੰਚਦਾ ਕੀਤਾ ਹੋਇਆ ਹੈ।

ਮਿਲਨ ਸਮੇਂ ਇਸ ਖਤ ਦੀ ਕਾਪੀ ਵੀ ਉਨਾਂ ਨੂੰ ਦੇ ਦਿੱਤੀ ਜਾਵੇ। ਜਿਸ ਨਾਲ ਇਥੇ ਆਪਜੀ ਨਾਲ ਸਾਂਝਾ ਕੀਤਾ ਜਾ ਰਿਹਾ ਉਨਾਂ ਨਾਲ ਸਾਂਝਾ ਹੋ ਹੀ ਜਾਵੇਗਾ। ਭਾਈ ਦਰਸ਼ਨ ਸਿੰਘ ਜੀ ਦੇ ਮੁਖੋਂ ਗੁਰੂ ਇਹ ਤਾਂ ਕਹਾ ਗਏ ਨੇ ਕਿ ਮੈਂ ਇਨਾਂ ਨੂੰ ਜਥੇਦਾਰ ਹੀ ਨਹੀਂ ਮੰਨਦਾ। ਇਸ ਪੁਜਾਰੀ ਜੁੰਡਲੀ ਨੂੰ ਗੁਰੂ ਆਸਰੇ ਆਪਾਂ ਵੀ ਪੰਥ ਦੀ ਅਗਵਾਈ ਕਰ ਸਕਣ ਵਾਲੇ ਅਤੇ ਹੁਕਮ ਫੁਰਮਾਨ ਜਾਰੀ ਕਰਨ ਵਾਲੇ ਆਗੂ ਜਥੇਦਾਰ ਸਵਿਕਾਰ ਨਾ ਕਰਦੇ, ਪਹਿਲੋਂ ਹੀ ਐਲਾਨ ਕਰੀ ਬੈਠੇ ਹਾਂ। ਗੁਰਬਾਣੀ ਅਨੁਸਾਰ ਜਿਨਾਂ ਕਾਰਨਾਂ ਕਰਕੇ ਅਸੀਂ ਇਨਾਂ ਨੂੰ ਜਥੇਦਾਰ ਹੀ ਨਹੀਂ ਮੰਨਦੇ, ਭਾਵੇਂ ਉਪਰ ਭਾਈ ਸਾਹਿਬ ਜੀ ਨੂੰ ਮੁਖਾਤਬ ਹੋਏ ਵਿਚ ਕੋਈ ਦੁਬਧਾ ਨਹੀਂ ਰਹਿਣ ਦਿੱਤੀ ਪਰ ਗੁਰੂ ਹੁਕਮ ਇਕ ਵਾਰ ਫਿਰ ਇਸ ਖਤ ਅਤੇ ਆਪਜੀ ਦੁਆਰਾ ਭਾਈ ਸਾਹਿਬ ਪ੍ਰੋ ਦਰਸ਼ਨ ਸਿੰਘ ਜੀ ਅੱਗੇ ਰੱਖਕੇ ਸੁਰਖਰੂ ਹੋ ਲਿਆ ਜਾਵੇ।

ਸੋ ਸਾਡਾ ਸੁਝਾ ਹੈ ਕਿ ਜੇ ਹੋ ਸਕੇ ਤਾਂ ਪਹਿਲਾਂ ਵਾਂਗ ਹੀ ਸੱਤ ਜਨਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਸਾਹਿਬ ਜਾਣ ਅਤੇ ਵਧੋ ਵੱਧ ਅੱਧਾ ਘਿੰਟਾ ਇੰਤਜਾਰ ਕਰਨ। ਇਸ ਮਗਰੋਂ ਲਿਖਤੀ ਬਿਆਨ ਨੂੰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਹਜੂਰ ਪਹਿਲਾਂ ਵਾਂਗ ਹੀ ਰੱਖਕੇ ਅਰਦਾਸ ਕਰ, ਵਾਪਸ ਆ ਜਾਣ। ਗੁਰੂ ਕਰਤਾ ਅੱਗੇ ਇਸ ਅਰਦਾਸ ਵਿਚ ਲਿਖਤੀ ਬਿਆਨ ਅਨੁਸਾਰ ਬਣਿਆਂ ਸ਼ਾਮਿਲ ਕਰ ਲਿਆ ਜਾਵੇ। ਜੇ ਅੱਧੇ ਘਿੰਟੇ ਵਿਚ ਇਹ ਪੁਜਾਰੀ ਲਾਣਾਂ ਸ੍ਰੀ ਅਕਾਲ ਤਖਤ ਸਾਹਿਬ, ਗੁਰੂ ਦੀ ਹਜੂਰੀ ਆਉਂਦਾ ਹੈ ਤਾਂ ਲਿਖਤੀ ਬਿਆਨ ਇਨਾਂ ਹੱਥ ਦੇਕੇ ਵਾਪਸੀ ਚਾਲੇ ਪਾ ਲਏ ਜਾਣ। ਜੇ ਕਹਿਣ ਕਿ ਵਿਚਾਰ ਕਰਨੀ ਤਾਂ ਉਤਰ ਕਿ ਪਰ ਅਸੀਂ ਕਿਨਾਂ ਨਾਲ ਵਿਚਾਰ ਕਰ ਸਕਦੇ ਹਾਂ ਬਿਆਨ ਵਿਚ ਦਰਜ ਹੈ।

ਇਹ ਬਿਆਨ ਗੁਰੂ ਰੂਪ ਖਾਲਸਾ ਪੰਥ - ਸਰਬੱਤ ਖਾਲਸਾ ਜੀਉ, ਨੂੰ ਮੁਖਾਤਬ ਹੋਵੇ। ਇਸ ਵਿਚ ਭਾਈ ਦਰਸ਼ਨ ਸਿੰਘ ਜੀ ਵੱਲੋਂ ਆਪਣੇ ਵਲੋਂ ਕਹੇ ਦੇ ਮਗਰੋਂ ਹੋਰ ਜਰੂਰੀ ਦਰਜ ਕਰ ਦੇਣ ਦਾ ਸੁਝਾ ਜਿਸ ਨੂੰ ਜੇ ਇਕੱਲੇ ਚਾਹੁਣ ਤਾਂ 'ਮੈ ਜਾਂ ਦਾਸ' ਰੂਪ ਵਿਚ ਕਰ ਸਕਦੇ ਨੇ। ਜੇ ਆਪਣੇ ਇਸੇ ਬਿਆਨ ਥੱਲੇ, ਆਪਣੇ ਨਾਮ ਮਗਰੋਂ ਅਸਾਂ ਭਾਵ ਜਾਨਬਾਜ ਫੋਰਸ ਅਤੇ ਤੁਛ ਗੁਰਸਿਖ ਕਾਫਲੇ ਦਾ ਨਾਮ ਚਾਹੁੰਣ, ਜੋ ਉਨਾਂ ਦੇ ਨਾਲ ਖੜੇ ਹੋਣ ਦਾ ਐਲਾਨ ਵੀ ਹੈ ਤਾਂ ਬੜੀ ਖੁਸ਼ੀ, 'ਅਸੀਂ' ਰੂਪ ਵਿਚ ਇਹ ਜਾਂ ਅਜਿਹਾ ਉਨੀ ਇਕੀ ਦੇ ਫਰਕ ਹਰਫਾਂ ਦੁਆਰਾ ਆਪਨੇਂ ਜਾਂ ਸਾਂਝੇ ਬਿਆਨ ਦੇ ਅੰਤ ਤੇ ਇਹ ਦਰਜ ਕਰ ਦੇਣ ਦਾ ਸੁਝਾਅ

ਹੈ। ਇਹ ਸੁਝਾਅ ਹੀ ਸਾਡੇ ਲਈ ਅੱਜ ਗੁਰੂ ਗਿਆਨ ਹੈ ਕਿ ਅਸੀਂ ਇਸ ਪੁਜਾਰੀ ਟੋਲੇ ਅਤੇ ਇਸ ਦੀ ਹਿਫਾਜਤ ਲਈ ਇਨਾਂ ਦੇ ਹੀ ਬਾਬੇ, ਨਾਨੇ ਬਿਪਰਨ ਤਖਤ ਦੇ ਚਲਾਏ ਹੋਏ ਮਾਇਆਧਾਰੀ ਅਤੇ ਇਸ ਦੇ ਹੱਥ ਪੁਜਾਰੀ ਸਿਟਟਮ ਨੂੰ ਮੰਨਣ ਦੀ ਥਾਂ ਇਸ ਤੋ ਬਗਾਵਤ ਦੁਆਰਾ ਮੁਕਤੀ, ਅਜਾਦੀ ਪ੍ਰਾਪਤ ਕਰਕੇ, ਗੁਰੂ ਅਨੁਸਾਰ ਗੁਰਸਿਖਾਂ ਅਤੇ ਗੁਰਸਿਖਾਂ ਦਾ ਚੱਲਣਾਂ, ਇਨਾਂ ਸਿਖ ਸਰੂਪ ਵਿਚ ਬਿਪਰਨ ਔਲਾਦ ਜਮ ਪੰਥ ਮਾਗੀਆਂ ਤੋਂ ਅਲੱਗ ਕਰ ਲਿਆ ਹੈ।

" ਜੂਨ ਚੌਰਾਸੀ ਦੇ ਘੱਲੂਘਾਰੇ ਦੇ 25 ਵਰਿਆਂ ਦੇ ਮਗਰੋਂ, ਭਾਵੇਂ ਦੇਰ ਨਾਲ, ਪਰ (ਮੈਂ, ਦਾਸ ਜਾਂ) ਅਸੀਂ ਨਿਮਾਣੇ ਸਿਖ, ਗੁਰੂ ਕਰਤੇ ਅਕਾਲ ਪੁਰਖ ਦੇ ਲੱਖ ਲੱਖ ਸ਼ੁਕਰਗੁਜਾਰ ਹਾਂ ਜੋ ਅੱਜ ਸਾਨੂੰ, ਆਪਣੇ ਪੰਥ ਨੂੰ ਇਹ ਗਿਆਨ ਬਖਸ਼ਿਆ ਹੈ:

(ਮੈਂ, ਦਾਸ ਜਾਂ) ਅਸਾਂ ਲਈ ਸਿਖ ਹੋਣ ਦੇ ਅਰਥ, ਪ੍ਰੀਭਾਸ਼ਾ ਅਤੇ ਮਰਿਯਾਦਾ ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਅਪਨਾਉਣਾਂ ਹੈ। ਅਸਾਂ ਲਈ ਅੱਜ ਦਾ ਕਰਮ ਨਿਸ਼ਾਨ ਜਿਥੇ ਆਪਣੇ ਪਵਿਤ੍ਰ ਗੁਰਧਾਮਾਂ ਨੂੰ ਇਸ ਤੇ ਕਾਬਜ ਸਿਖ ਸਰੂਪ ਵਿਚ ਬਿਪਰਣ ਔਲਾਦ ਤੋਂ ਆਜਾਦ ਕਰਵਾਉਣਾਂ ਹੈ ਉਥੇ ਸਾਡੇ ਲਈ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ, ਸਾਡੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ। ਅਸਾਂ ਲਈ ਇਸ ਸੱਚ ਹੁਕਮ ਫੁਰਮਾਣ ਨੂੰ ਮੰਨਕੇ ਤੁਰਿਆ ਹੀ ਕੋਈ ਗੁਰਸਿਖ, ਸੱਭ ਦੇ ਸਿਰਜਣਹਾਰ ਅਕਾਲ ਪੁਰਖ ਦੀ ਸਥਾਪਤ ਹੋਂਦ, ਹਸਤੀ ਦੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਮੁੱਖ ਸੇਵਾਦਾਰ ਹੋ ਸਕਦਾ ਹੈ। ਇਸ ਕਰਕੇ ਅੱਜ ਭੌਤਿਕ ਸਰੀਰ ਵਿਚ ਕੋਈ ਸ੍ਰੀ ਅਕਾਲ ਤਖਤ ਸਾਹਿਬ ਤੇ ਮੁਖ ਸੇਵਾਦਾਰ ਹੈ ਹੀ ਨਹੀਂ ਅਤੇ ਇਥੇ ਜੂਨ ਚੌਰਾਸੀ ਦੇ ਸ਼ਹੀਦਾਂ ਦਾ ਖਾਲਸੇ ਦੇ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਫੁਰਮਾਨ ਹੀ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਮੁੱਖ ਸੇਵਾਦਾਰ, ਪੰਥ ਦੀ ਅਗਵਾਈ ਕਰ ਰਿਹਾ ਅਦਿਸ ਜਥੇਦਾਰ ਹੈ। ਅੱਜ ਸਾਨੂੰ ਤਨਖਾਹੀਏ ਐਲਾਨਣ ਵਾਲੇ ਸਿਖ ਸਰੂਪ ਵਿਚ ਬਿਪਰਨ ਕਿਰਦਾਰ, ਬਿਪਰਨ ਔਲਾਦ ਪੁਜਾਰੀ ਤਾਂ ਸਾਡੇ ਲਈ ਸਾਡੇ ਗੁਰੂ ਅਨੁਸਾਰ ਖੁਦ ਗੁਰੂ ਵਲੋਂ ਗੁਰੂ ਰੂਪ ਖਾਲਸਾ ਪੰਥ ਵਲੋਂ ਦੁਰਕਾਰੇ ਹੋਏ ਦੁਸ਼ਟ ਹਨ, ਜੋ ਗੁਰੂ ਨਾਵੇਂ, ਪੰਥ ਨਾਵੇਂ, ਅਮ੍ਰਿਤ ਦੀ ਦਾਤ ਨਾਲ ਕੀਤੇ ਸਿਰ ਨੂੰ ਲੋੜ ਤੇ ਲਾ ਦੇਣ ਦੀ ਬਜਾਏ, ਬਚਦੇ ਆਉਂਦੇ ਕਾਇਰ, ਭਗੌੜੇ, ਗੁਰੂ ਦੇ, ਪੰਥ ਦੇ ਬਿਪਰਨ ਬੇਦਾਵੀਏ ਹਨ। ਇਹ ਇਕੱਲੇ ਸੰਤ ਦੇ ਹੀ ਨਿੰਦਕ ਦੋਖੀ ਨਹੀਂ, ਇਹ ਤਾਂ ਸ਼ਹੀਦ ਸੰਤ ਸਿਖ, ਗਰੁਸਿਖ, ਖਾਲਸੇ ਜਰਨੈਲ ਅਤੇ ਉਨਾਂ ਨਾਲ ਜੂਨ ਚੌਰਾਸੀ ਦੇ ਸਮੂਹ ਲਾਸਾਨੀ ਸੂਰੇ ਸ਼ਹੀਦਾਂ ਦੇ ਵੀ ਨਿੰਦਕ, ਦੋਖੀ ਹਨ। ਇਹ ਉਹ ਹਨ ਜਿਨਾਂ ਆਪਣੇ ਲਈ ਆਪਣਾਂ ਭਵਿਖ ਜਮ ਜੂਨਾਂ ਦਾ ਨਰਕ ਤਾਂ ਕੀਤਾ ਹੀ ਹੈ, ਨਾਲ ਇਨਾਂ ਦੇ ਕੂੜ ਫੁਰਮਾਨਾਂ ਨੂੰ ਮੰਨਣ ਵਾਲਿਆਂ ਲਈ ਵੀ ਆਪਣੇ ਮਗਰ ਜਮ ਜੂਨਾਂ ਦਾ ਨਰਕ, ਭਾਗ ਕਰ ਲਿਆ ਹੈ। ਗੁਰਬਾਣੀ ਸਾਨੂੰ ਗਿਆਨ ਬਖਸ਼ਦੀ ਹੈ ਕਿ ਬਿਪਰਨ ਦੀ ਗੁਲਾਮੀ ਸਵਿਕਾਰ ਕਰ ਲੈਣੀ ਤਾਂ ਬੜੀ ਦੂਰ ਦੀ ਗੱਲ, ਇਸ ਬਿਪਰਣ ਦੀ ਇਕ ਰੀਤ ਨੂੰ ਵੀ ਆਪਣੇ ਕਰਮਾਂ ਵਿਚ ਕਰ ਲੈਣ ਵਾਲੇ, ਇਸ ਬਿਪਰਨ ਆਪਣੇ ਪਿਛੇ ਜਮ ਪੰਥ ਮਾਰਗ ਤੋਰ ਲਏ ਨੇ।

ਦਾਸ ਦੇ ਅਸਲ ਕਹੇ ਦੇ ਸੱਚ ਸਬੂਤ ਸੀ ਡੀ ਵਿਚ ਬਿਪਰਨ ਔਲਾਦ ਸੁਭਾਆ ਅਨੁਸਾਰ ਛੇੜਖਾਨੀ ਕਰਦਿਆਂ ਆਪਣੇ ਹੱਥੀਂ ਸੱਚ ਦੇ ਟੋਟੇ ਕਰਕੇ ਇਸ ਨੂੰ ਨਕਲੀ, ਜਾਹਲੀ, ਝੂਠੇ ਸਬੂਤ ਵਿਚ ਬਦਲਦਿਆਂ ਤੇ ਇਨਾਂ ਆਪਣੇ ਹੱਥੀਂ ਤਿਆਰ ਕੀਤੇ ਝੂਠੇ ਨਕਲੀ ਸਬੂਤ ਦੇ ਆਧਾਰ ਤੇ ਜੋ ਅਪਣੇ ਆਪ ਵਿਚ ਅਸਲੀ ਨੂੰ ਨਕਲੀ ਕਰਨ ਦਾ ਕਾਨੂਨਨ ਵੀ ਕਰਿਮੀਨਲ ਜੁਰਮ ਹੈ, ਅਪਰਾਧ ਹੈ, ਇਨਾਂ ਸਿਖ ਸਰੂਪ ਵਿਚ ਬਿਪਰਨ ਔਲਾਦ ਪੁਜਾਰੀਆਂ ਵਲੋਂ ਦਾਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਨ ਅਤੇ ਤਨਖਾਹੀਆ ਐਲਾਨਣ ਨਾਲ, ਆਪਣੇ ਵਾਰੇ ਮੁਕਰਰ ਇਸੇ ਗੁਰਮਤਿ ਸੱਚ ਤੇ ਇਕ ਹੋਰ ਸਬੂਤ ਮੋਹਰ ਲਾਈ ਹੈ ਕਿ ਬਿਪਰਣ ਦੇ ਅਖੌਤੀ ਦਸਮ ਗ੍ਰੰਥ ਨੂੰ ਤਿਆਰ ਕਰਕੇ ਗੁਰੂ ਦਸ਼ਮੇਸ਼ ਪਿਤਾ ਦੇ ਨਾਮ ਕਰਨ ਵਾਲੇ, ਅੱਜ ਇਸ ਨੂੰ ਸਾਡੇ ਇਕੋ ਅਸਲ ਗੁਰੂ ਦੇ ਖਿਲਾਫ਼, ਬਰਾਬਰ ਸਥਾਪਤ ਕਰਕੇ ਸਾਡੇ ਸ਼ਬਦ ਗੁਰੂ ਨਾਲ, ਸਾਡੇ ਦਸ਼ਮੇਸ ਪਿਤਾ ਨਾਲ, ਸਾਡੇ ਪੰਥ ਨਾਲ ਸਿਖਰ ਦਾ ਅਪਮਾਨ ਧ੍ਰੋਹ ਕਰ ਜਾਣ ਵਾਲੇ, ਪਰ ਉਲਟਾਂ ਉਨਾਂ ਦੇ ਇਸ ਅਕ੍ਰਿਤਘਣੀ ਕਾਰੇ ਦੇ ਖਿਲਾਫ਼ ਉਠਦੀ ਆਵਾਜ ਨੂੰ ਜਾਹਲੀ ਨਕਲੀ ਝੂਠੇ ਸਬੂਤਾਂ ਦੇ ਸਹਾਰੇ, ਬੰਦ ਕਰਨ ਲਈ (ਦਾਸ ਨੂੰ) ਸਾਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਨ ਅਤੇ ਤਨਖਾਹੀਆ ਐਲਾਣਣ ਵਾਲੇ ਇਕੋ ਬਿਪਰਨ ਔਲਾਦ, ਜਮ ਮਾਰਗ ਤੁਰਨ ਤੇ ਤੋਰਨ ਵਾਲੇ ਇਕ ਹੀ ਬਿਪਰਨ ਪੰਥ ਪਰਵਾਰ ਦੀ ਸੰਤਾਨ ਹੈ ਜੋ ਇਨਾਂ ਦੇ ਹੀ ਵਡੇਰਿਆਂ ਪੈਦਾ ਕਰਕੇ, ਪੰਥ ਉਤੇ ਇਸ ਆਪਣੀ ਸਿਖ ਸਰੂਪ ਵਿਚ ਔਲਾਦ ਦੁਆਰਾ ਆਪਣੀ ਸਦੀਵੀਂ ਜਿੱਤ ਲਈ ਪੰਥ ਵਿਚ ਜਾਹਲੀ ਸਿਖਾਂ ਵਜੋਂ ਵਾੜੀ ਹੋਈ ਹੈ:

**ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥**

**ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ ॥**(ਪੰਨਾਂ 77)

**ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥**

**ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥** (ਪੰਨਾਂ 443)

**ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥ ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥** (ਪੰਨਾਂ 581)

**ਆਇ ਵਿਗੂਤਾ ਜਗੁ ਜਮ ਪੰਥੁ ॥ ਆਈ ਨ ਮੇਟਣ ਕੋ ਸਮਰਥੁ ॥** (ਪੰਨਾਂ 931)

**ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥**

**ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥** (ਪੰਨਾਂ 1112)

ਦੂਜਾ ਹੈ ਸਤਿਗੁਰ ਦੁਆਰਾ ਬਿਪਰਨ ਅਤੇ ਹਰ ਬਿਪਰਨ ਰੀਤ ਰਹਿਤ ਲਹਿਣੇ ਤੋਂ ਪ੍ਰਗਟਾਇਆ ਪੰਥ, ਜਿਸ ਨੂੰ ਸ਼ਬਦ ਗੁਰੂ ਨਿਆਰੀ ਜੀਵਨ ਜਾਚ ਦੁਆਰਾ ਬਿਪਰਨ ਵੱਲੋਂ ਵੰਡੇ ਜਾ ਰਹੇ ਜਮ ਪੰਥ ਮਾਰਗ ਤੋਂ ਦੂਰ ਰੱਖਣ ਲਈ ਨਖੇੜਕੇ ਵੱਖਰਾ ਆਜਾਦ, ਸਿਰਫ ਸਿਰਜਨਹਾਰ ਅਕਾਲਪੁਰਖ ਦੇ ਹੀ ਅਧੀਨ ਜੀਵਨ ਜਾਚ, ਗੁਰਮਤਿ ਮਾਰਗ, ਖਾਲਸਾ ਪੰਥ ਲਈ ਕੀਤਾ ਹੋਇਆ ਹੈ:

**ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ ॥**

**ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥** (ਪੰਨਾਂ 148)

**ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥**

**ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧਸੰਗਿ ਨ ਡਰਪੀਐ ॥** (ਪੰਨਾਂ 454)

**ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥**

**ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥** (ਪੰਨਾਂ 780)

**ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥** (ਪੰਨਾਂ 867)

ਦਾਸ ਅਕਾਲ ਪੁਰਖ ਦਾ ਕੋਟ ਕੋਟ ਸ਼ੁਕਰਗੁਜ਼ਾਰ ਹੈ ਜੋ ਆਪਣੀ ਅਦਭੁਤ ਖੇਲ ਵਿਚ ਇਸ ਨਿਮਾਣੇ ਸਿਖ ਨੂੰ ਇਕ ਪਾਤਰ ਕਰਕੇ, ਸਿਖ ਸਰੂਪ ਵਿਚ ਬਿਪਰਨ ਜਾਹਲਸਾਜੀ ਪੁਜਾਰੀ ਜਮਾਂਤ ਦੁਆਰਾ ਸਾਨੂੰ ਆਪਣੇ ਤਖਤ ਤਖਤ ਤੇ ਬੁਲਾ ਰਹੇ ਨੇ ਅਤੇ ਜਿਸ ਸਿਖ ਸਰੂਪ ਵਿਚ ਬਿਪਰਨ ਪੁਜਾਰੀ ਜਮਾਤ ਦੁਅਰਾ ਸਾਨੂੰ ਇਥੇ ਬੁਲਾਇਆ, ਉਸ ਵਾਰੇ, ਸਾਨੂੰ ਜਮ ਪੰਥ ਮਾਰਗ ਤੋਰਨ ਤੋਰਨ ਵਾਲੇ ਹੋਣ ਦਾ ਗਿਆਨ ਬਖਸ਼ ਰਹੇ ਨੇ, ਅਸਾਂ ਆਪਣੇ ਨਿਮਾਣੇ ਸਿਖਾਂ ਦੁਆਰਾ ਆਪਣੇ ਤਖਤ ਤੋਂ ਇਨਾਂ ਸਿਖ ਸਰੂਪ ਵਿਚ ਜਮ ਪੰਥ ਮਾਰਗ ਤੋਰਨ ਵਾਲੇ ਬਿਪਰਨ ਦੀ ਐਲਾਦ, ਨਕਲੀ, ਜਾਹਲੀ ਸਿੱਖਾਂ ਤੋਂ 'ਅਸੀਂ ਮੁਕਤ ਆਜਾਦ' ਐਲਾਨ ਕਰਵਾ ਰਹੇ ਨੇ ਅਤੇ ਇਸ ਸਿਖ ਸਰੂਪ ਵਿਚ ਬਿਪਰਣ ਲਾਣੇ ਤੋਂ ਗੁਰੂ ਰੂਪ ਪੰਥ ਦੇ ਨਖੇੜੇ ਦੀ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖੰਡੇ ਨਾਲ ਵਾਹੀ ਲਕੀਰ ਦਾ ਹੋਰ ਉਗਾਹੜ ਕਰਵਾ ਕੇ, ਸਤਿਗੁਰ ਦੁਆਰਾ ਲਹਿਣੇਂ ਤੋਂ ਗੁਰਮਤਿ ਧਾਰਨੀ ਆਪਣੇ ਖਾਲਸਾ ਪੰਥ ਨੂੰ, ਬਿਪਰਨ ਦੀ ਸਿਖ ਸਰੂਪ ਵਿਚ ਸਾਡੇ ਧਰਮ, ਧਰਮ ਸਥਾਨਾਂ ਅਤੇ ਪੰਥ ਤੇ ਕਾਬਜ, ਆਪਣੇ ਮਗਰ ਲਾਕੇ ਜਮ ਪੰਥ ਮਾਰਗ ਤੋਰਦੀ ਔਲਾਦ ਤੋਂ ਆਜਾਦ ਕਰਵਾਕੇ ਮੁਕਤ ਕਰਵਾਕੇ, ਆਪਣੇ ਅਸਲੀ ਗੁਰਸਿਖ ਖਾਲਸਾ ਪੰਥ ਦੇ ਵਾਰਸਾਂ ਨੂੰ ਇਨਾਂ ਨਕਲੀ ਸਿਖ, ਬਿਪਰਨ ਔਲਾਦ ਤੋਂ ਅੱਡ ਕਰਵਾ ਰਹੇ ਨੇ। ਨਾਲ ਹੀ ਸਾਨੂੰ ਪੰਥ ਦੀ ਇਨਾਂ ਅਤੇ ਇਨਾਂ ਦੇ ਬਾਪ ਨਾਨੇ ਬਿਪਰਨ ਤਖਤ ਤੋਂ ਆਜਾਦੀ ਲਈ ਸੌਂਪੀ ਹੋਈ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਜ਼ਿਮੇਵਾਰੀ, ਗੁਰੂ ਦੇ ਸਿਖ ਦਾ ਅੱਜ ਕਰਮ ਨਿਸ਼ਾਨ, ਅਟੱਲ ਸੱਚ, ਸਾਨੂੰ ਆਪਣੇ ਤਖਤ ਤੇ ਸਦਵਾਕੇ, ਕਦੇ ਮੁੜ ਨਾ ਭੁੱਲਣ ਲਈ ਖਾਲਸਾ ਪੰਥ ਨੂੰ ਯਾਦ ਕਰਵਾ ਰਹੇ ਨੇ।

**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥**

**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥** (ਪੰਨਾਂ 219)

**ਵਡਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥** (ਪੰਨਾਂ 623)

**ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥** (ਪੰਨਾਂ 1401)

ਸੋ ਗੁਰੂ ਆਸਰੇ ਅੱਜ ਇਹ ਨਿਮਾਣੇ ਸਿਖ ਆਪਣੇ ਪਿਆਰੇ ਪੰਥ ਨੂੰ ਸਪਸ਼ਟ ਅਤੇ ਪ੍ਰਣ ਕਰਦੇ ਨੇ ਕਿ ਸਾਡੇ (ਮੇਰੇ, ਦਾਸ) ਲਈ ਰਹਿੰਦੀ ਜਿੰਦਗੀ ਦਾ ਮੁਖ ਉਦੇਸ਼ ਜਿਥੇ ਗੁਰਮਤਿ ਸੱਚ ਅਤੇ ਸਿਖ ਕਿਰਦਾਰ ਦੀ ਰਾਖੀ ਲਈ ਹੁਣ ਵਾਂਗ ਅਡੋਲ, ਸਿਖ ਸਰੂਪ ਵਿਚ ਬਿਪਰਣ ਔਲਾਦ ਅੱਗੇ, ਜੋ ਸਾਡੇ ਪਵਿਤ੍ਰ ਗੁਰਧਾਮਾਂ ਤੇ ਨਜਾਇਜ਼ ਕਬਜੇ ਕਰੀ ਬੈਠੀ ਹੈ, ਜੋ ਸਾਡੇ ਇਕੋ ਗੁਰੂ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੇ ਬਰਾਬਰ ਸ਼ਰੀਕ, ਨਕਲੀ ਅਸ਼ਲੀਲ ਬਿਪਰਨ ਦਾ ਕਿਤਾਬਚਾ, ਨਵਾਂ ਗੁਰੂ ਸਥਾਪਤ ਕਰੀ ਬੈਠੀ ਹੈ, ਤੋਂ ਪੰਥ ਦੀ ਮੁਕਤੀ ਲਈ, ਅਜਾਦੀ ਲਈ ਖੜ੍ਹਦੇ ਰਹਿਣਾ ਹੈ ਉਥੇ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ

ਦੇ ਆਜਾਦ ਦੇਸ਼ ਦੀ ਧਰੀ ਨੀਂਹ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਲਈ ਵੀ ਰਹਿੰਦੀ ਜਿੰਦਗੀ, ਗੁਰਸਿਖਾਂ ਨਾਲ ਮਿਲਕੇ ਸੰਘਰਸ਼ਸ਼ੀਲ ਰਹਿਣਾਂ ਹੈ। ਅਸਾਂ ਨਿਮਾਣੇ ਸਿਖਾਂ ਲਈ ਇਹ ਹੀ ਹੈ ਅੱਜ ਸੱਚੀ ਕਿਰਤ ਕਰਮ, ਜਿਸ ਦੁਆਰਾ ਗੁਰਸਿਖਾਂ ਆਪਣੇ ਆਪਨੂੰ ਆਪਣੇ, ਹਰ ਦੇ ਇਕੋ ਇਕ ਕਰਤਾ ਰਾਮ ਦੇ ਮਿਲਾਪ ਲਈ, ਪੂਰਣ ਰੂਪ ਵਿਚ ਗੁਰੂ ਕਿਰਪਾ ਇਸੇ ਦੇ ਹੁਕਮ ਅਤੇ ਰਜਾ ਦੇ ਅਧੀਨ ਕਰ ਸਕਣਾਂ ਹੈ।

ਇਨਾਂ ਸਿਖ ਸਰੂਪ ਵਿਚ ਬਿਪਰਨ ਔਲਾਦ ਦੇ ਹੁਕਮ ਫੁਰਮਾਨਾਂ ਨੂੰ ਮੰਨਣਾਂ, ਇਨਾਂ ਦੀ ਹਮਾਇਤ ਤੇ ਇਨਾਂ ਅਨੁਸਾਰ ਚੱਲਣਾਂ, ਸਾਡੇ ਲਈ ਹੁਣ ਇਨਾਂ ਵਾਂਗ ਆਪਣੇ ਆਪਨੂੰ ਵੀ ਅਪਣੇ ਗੁਰੂ ਕਰਤਾਪੁਰਖ ਤੋਂ ਬੇਮੁਖ ਕਰ ਲੈਣਾਂ ਹੈ, ਜਨਮਾਂ ਜਨਮੰਤਰਾਂ ਦਾ ਵਿਯੋਗ, ਵਿਛੋੜਾ ਕਰ ਲੈਣਾਂ ਹੈ ਅਤੇ ਆਪਣੇ ਆਪਨੂੰ ਜਮ ਜੂੰਨਾਂ ਦੇ ਨਰਕ ਮਾਰਗ ਸੰਸਾਰ ਤੇ ਹੁੰਦਿਆਂ ਹੀ ਤੋਰ ਲੈਣਾਂ ਹੈ।

ਅਸੀਂ ਗੁਰੂ ਅੱਗੇ ਇਸ ਸ਼ੁਕਰਾਨੇ ਦੀ ਅਰਦਾਸ ਕਰਦੇ ਹਾਂ ਜੋ ਉਸ ਇਸ ਆਪਣੀਂ ਬਿਧ ਸਾਨੂੰ ਇਨਾਂ ਸਿਖ ਸਰੂਪ ਵਿਚ ਬਿਪਰਨ ਔਲਾਦ ਪੁਜਾਰੀ ਜਮਾਤ ਦੀ ਗੁਲਾਮੀ ਤੋਂ ਮੁਕਤੀ ਬਖਸ਼ੀ ਹੈ, ਇਸੇ ਤਰਾਂ ਬਾਕੀ ਪੰਥ ਨੂੰ ਵੀ ਇਨਾਂ ਸਿਖ ਸਰੂਪ ਵਿਚ ਬਿਪਰਨ ਔਲਾਦ ਪਾਂਡਿਆਂ ਤੋਂ ਆਜਾਦੀ ਲਈ, ਮੁਕਤੀ ਲਈ ਬਗਾਵਤ ਦੇ ਬਲ ਦੀ ਅਤੇ ਅੱਜ ਸਾਨੂੰ ਪੋਹਿਆ ਗੁਰੂ ਗਿਆਨ, ਇਕ ਨਾ ਇਕ ਦਿਨ ਇਸ ਪੁਜਾਰੀ ਸ਼੍ਰੇਣੀ ਅਤੇ ਇਹ ਪੁਜਾਰੀ ਸ਼੍ਰੇਣੀ ਸਿਸਟਮ ਜਾਰੀ ਰੱਖਣ ਵਾਲੀ ਸ਼ਰੋਮਣੀ ਕਮੇਟੀ ਦੇ ਜ਼ਿਮੇਵਾਰ ਸਿਖਾਂ ਨੂੰ ਵੀ ਪੋਹੇ, ਮੋਹੇ, ਅਰਦਾਸ ਕਰਦੇ ਹਾਂ।

" ਅੰਤ ਤੇ ਇਹ ਨਿਮਾਣੇ ਸਿਖ ਆਪਣੇ, ਆਪਣੇ ਪੰਥ ਦੇ, ਸੰਸਰ ਦੇ ਇਕੋ ਇਕ ਅਕਾਲ ਪੁਰਖ ਦੇ ਇਸ ਤਖਤ ਤੋਂ ਇਸ ਕਰਤੇ ਕਰਤੇ ਰੱਬ ਦਾ ਇਹ ਸੱਚ ਆਪਣੇ ਖਾਲਸਾ ਪੰਥ ਨਾਲ ਸਾਂਝਾ ਕਰਦੇ ਹਾਂ ਕਿ ਅਕਾਲ ਪੁਰਖ, ਨਿਰਆਕਾਰ, ਸ਼ਕਤੀ ਸਰੂਪ ਕਦੇ ਇਸ ਤਖਤ ਉਤੇ ਬਿਪਰਨ ਦਿੱਲੀ ਤਖਤ ਦੇ ਜੂਨ ਚੌਰਾਸੀ ਨੂੰ ਬੋਲੇ ਫੌਜੀ ਧਾਵੇ ਸਮੇਂ ਸ਼ਹੀਦ ਸਿਖ ਸੰਤ ਭਗਤ ਸੂਰੇ ਖਾਲਸੇ ਜਰਨੈਲੇ ਭਾਈ ਜਰਨੈਲ ਸਿੰਘ ਜੀ ਅਤੇ ਉਨਾਂ ਦੀ ਅਗਵਾਈ ਵਿਚ ਉਨਾਂ ਨਾਲ ਇਥੇ ਹੋਰ ਸਮੂਹ ਸ਼ਹੀਦ ਸਿਖ ਸੂਰੇ ਹੀ ਹਨ ਜੋ ਆਪਣੇ ਗੁਰੂ ਦੇ ਨੇਕ, ਆਗਿਆਕਾਰ ਗੁਰਸਿਖ ਭਾਈਆਂ ਲਈ ਗੁਰੂ ਗਿਆਨ ਦੀ ਬਖਸ਼ਿਸ਼ ਦਾਤ ਪ੍ਰਾਪਤੀ ਨੂੰ ਖਾਲਸਾ ਪੰਥ ਦੇ ਪੱਲੇ ਵਿਚ ਕਰਕੇ ਗਏ ਨੇ। "

ਭਾਈ ਸਾਹਿਬ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਨਾਮ ਤੇ ਸੱਦੇ ਪਿਛੇ ਜੋ ਹੋਰ ਕਰਤੇ ਦੀ ਰਜਾ ਸਾਹਮਣੇ ਆਈ ਹੈ ਉਹ ਸ਼ੁਰੂ ਵਿਚ ਬਿਅਨੀ ਜਾ ਚੁੱਕੀ ਅਣਜਾਣੇ ਹੋਈ ਭੁੱਲ ਨੂੰ ਇਥੇ ਆਕੇ ਸੋਧਣਾਂ ਅਤੇ ਬੀਤੇ ਦੇ, ਅਤੀਤ ਦੇ ਨਾਲ ਜੁੜੇ ਹਿਸਾਬ ਕਿਤਾਬ ਤੋਂ ਸੁਰਖਰੂ ਹੋ ਜਾਣਾਂ। ਇਸ ਲਈ ਭਾਈ ਸਾਹਿਬ ਜੀ ਨੂੰ ਆਪਣੇ ਬਿਅਨ ਦੇ ਅੰਤ ਵਿਚ ਕੁਝ ਅਜਿਹਾ ਦਰਜ ਕਰ ਲੈਣ ਨਾਲ ਭਾਈ ਸਾਹਿਬ ਜੀ ਵਲੋਂ ਅਪਣੇ ਜਿਮੇਂ ਗੁਰੂ ਲਾਏ ਕਾਰਜ਼ ਨੂੰ ਸੰਪੂਰਨ ਕਰ ਜਾਣਾਂ ਹੈ।

"ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿੰਨ ਸੋ ਸਾਲਾ ਗੁਰਗੱਦੀ ਸਮਾਗਮ ਸਮੇਂ ਜਰਮਨੀ ਦੇ ਸ਼ਹਿਰ ਫਰੰਕਫਰਟ ਦੇ ਗੁਰਦੁਆਰੇ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲੱਗੀਆਂ ਤਸਵੀਰਾਂ, ਅਸਾਂ ਵਲੋਂ ਅਣਡਿਠ ਹੋ ਜਾਣ ਅਤੇ ਆਵਾਜ ਨਾ ਉਠਾਉਣ ਦੀ ਹੋਈ ਅਵੱਗਿਆ ਲਈ, ਗੁਰੂ ਅਤੇ ਗੁਰੂ ਰੂਪ ਖਾਲਸਾ ਪੰਥ ਸਰਬੱਤ ਖਾਲਸੇ ਤੋਂ, ਇਹ ਨਿਮਾਣੇ ਸਿਖ ਨਿਵਦੇ ਹੋਏ, ਹੱਥ ਜੋੜ ਜਿਥੇ ਖਿਮਾਂ ਮੰਗਦੇ ਹਨ ਉਥੇ ਨਾਲ ਹੀ ਇਸ ਬਿਪਰਨ ਰੀਤ ਦੇ ਖਿਲਾਫ ਆਵਾਜ ਉਠਾਉਂਦੇ ਹੋਏ ਗੁਰਦਵਾਰਾ ਫਰੰਕਫਰਟ ਦੇ ਪ੍ਰਬੰਧਕਾਂ ਨੂੰ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਾਲ ਵਿਚੋਂ ਸਤਿਕਾਰਯੋਗ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਜਲਦੀ ਤੋਂ ਜਲਦੀ ਲਾਹਕੇ, ਉਨਾਂ ਨੂੰ ਬਣਦੀ ਕਿਸੇ ਹੋਰ ਸਤਿਕਾਰਯੋਗ ਥਾਂ ਤੇ ਕਰਨ ਦੀ ਪੁਰਜੋਰ ਅਪੀਲ ਕਰਦੇ ਹਾਂ ਅਤੇ ਸਮੂਹ ਅਮ੍ਰਿੰਤਧਾਰੀ ਖਾਲਸਾ ਪੰਥ ਸੰਗ਼ਠਨ ਨੂੰ ਅਪੀਲ ਕਰਦੇ ਹਾਂ ਕਿ ਕੋਈ ਗੁਰੂ ਦਾ ਸਿਖ, ਇਸ ਅਤੇ ਅਜਿਹੀ ਕਿਸੇ ਵੀ ਬਿਪਰਨ ਰੀਤ ਵਿਚ ਸ਼ਮੂਲੀਅਤ ਨਾਲ ਆਪਣੇ ਆਪਨੂੰ ਨਰਕਭਾਗ਼ੀ ਨਾ ਕਰੇ ਸਗੋਂ ਇਹ ਅਤੇ ਇਸ ਵਰਗੀਆਂ ਸ਼ਬਦ ਗੁਰੂ ਦੀ ਹਜੂਰੀ ਵਿਚ ਬਿਪਰਨ ਵਲੋਂ ਹੋਰ ਚੱਲੂ ਕਰਵਾਈਆਂ ਜਾ ਰਹੀਆਂ, ਸਾਡੇ ਗੁਰਦੁਆਰਿਆਂ ਵਿਚ ਬਿਪਰਨ ਰੀਤਾਂ ਨੂੰ ਬੰਦ ਕਰਵਾਨ ਲਈ ਵੀ, ਪੰਥ ਦੀ ਬਿਪਰਨ ਤਖਤ ਤੋਂ ਆਜਾਦੀ ਦੇ ਸੰਘਰਸ਼ ਦੇ ਨਾਲ ਨਾਲ, ਨਿਤਰੇ। "

ਇਨਾਂ ਹਰਫਾਂ ਵਿਚ ਭਾਈ ਸਾਹਿਬ ਲਈ ਸੁਝਾਅ ਅਤੇ ਇਸ ਮੁਤਾਬਕ ਅਗਾਂਹ ਚੱਲਣਾਂ ਹੀ ਇਸ ਕਹੇ ਦਾ ਸਪਸ਼ਟੀਕਰਨ ਹੈ ਕਿ ਜਿਸ ਸਿਸਟਮ ਦੁਆਰਾ ਕਦੇ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥਦਾਰ ਸਨ, ਉਸੇ ਸਿਸਟਮ ਅਧੀਨ ਅੱਜ ਦਾ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ, ਭਾਈ ਸਾਹਿਬ ਲਈ ਜਥੇਦਾਰ ਹੀ ਨਹੀ ਰਿਹਾ। ਇਹ ਹੀ ਬਿਧ ਹੈ ਜਿਸ ਨਾਲ ਗੁਰੂ ਨੇ ਭਾਈ ਸਾਹਿਬ ਜੀ ਦੇ ਅਤੇ ਅਸਾਂ ਦੇ ਇਥੇ ਉਥੇ ਅੱਗੇ ਪਿਛੇ, ਹਰ ਮੁਕਾਮ ਸਹਾਰੇ ਲਈ ਸਾਡੇ ਅੰਗ ਸੰਗ ਖੜਨਾ ਹੈ, ਨਾ ਕਿ ਕਿਸੇ ਬਿਪਰਨ ਦੀ ਗੁਲਾਮੀ ਨੂੰ ਸਵਿਕਾਰ ਕਰਕੇ, ਆਪਣੇ ਆਪਨੂੰ ਜਮ ਪੰਥ ਮਾਰਗ ਕਰ ਲੈਣ ਵਾਲੇ ਸਰਨੇ ਭਰਾਵਾਂ ਜਾਂ ਕਿਸੇ ਹੋਰ ਅਖਬਾਰ ਮਾਲਕ ਤੇ ਉਸ ਦੇ ਹਮੈਤੀਆਂ ਨੇ ਨਾਲ ਖੜ੍ਹ ਸਕਣਾਂ ਹੈ।

ਸੋ ਪਿਆਰੇ ਭੈਣ ਅਤੇ ਵੀਰ ਜੀ ਜੇ ਭਾਈ ਸਾਹਿਬ ਆਪਣੇ ਬਿਅਨ ਦੇ ਅੰਤ ਨੂੰ ਇਸ ਕਦਰ ਅਸੀਂ ਰੂਪ ਵਿਚ ਕਰ ਸਕਦੇ ਹੋਣ ਤਾਂ ਇਹ ਇਕ ਦਸਤਾਵੇਜ਼ ਬਿਆਨ ਟਾਇਪ ਰੂਪ, ਜਿਸ ਤੇ ਭਾਈ ਸਾਹਿਬ ਜੀ ਦੇ ਨਾਮ ਅਤੇ ਦਸਖਤਾਂ ਥੱਲੇ ਜਾਨਬਾਜ ਅਤੇ ਤੁਛ ਗੁਰਸਿਖ ਕਾਫਲੇ ਦੇ ਨਾਮ ਅਤੇ ਪਤੇ ਹੋਣ, 7 ਜਨਵਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰਕੇ ਰੱਖ ਦਿੱਤਾ ਜਾਵੇ। ਜੇ ਪੁਜਾਰੀ ਆਉਣ ਤਾਂ ਹੱਥੀਂ ਦੇ ਕੇ ਵਾਪਸੀ ਕਰ ਲਈ ਜਾਵੇ ਅਤੇ ਆਪਜੀ ਇਥੇ ਤੱਕ ਭਾਈ ਸਾਹਿਬ ਜੀ ਨਾਲ ਹੋਵੋ। ਜੇ ਭਾਈ ਸਾਹਿਬ ਮੈਂ, ਦਾਸ ਰੂਪ ਵਿਚ ਸਾਡਾ ਸੁਝਾ ਆਪਣੇ ਬਿਆਨ ਦੇ ਅੰਤ ਵਿਚ ਸ਼ਾਂਮਲ ਕਰਦੇ ਹਨ ਤਾਂ ਅਸੀ ਰੂਪ ਇਸ ਖਤ ਵਿਚ ਜਿਥੇ ਬਣਦੀ ਸੋਧ, ਸੋਧ ਕਰਕੇ, ਵੱਖਰੇ ਰੂਪ ਵਿਚ ਭਾਈ ਸਾਹਿਬ ਦੇ ਰੱਖੇ ਜਾਂ ਦਿੱਤੇ ਨਾਲ ਆਪਣਾਂ ਵੀ ਦਿੱਤਾ ਜਾਂ ਰੱਖਿਆ, ਹੋ ਜਾਵੇ।

ਇਹ ਸੁਝਾਅ ਭਾਈ ਸਾਹਿਬ ਜੀ ਅੱਗੇ ਰੱਖਕੇ, ਇਕੱਠੇ ਜਾਂ ਉਨਾਂ ਵਲੋਂ ਵਿਅਕਤੀਗਤ ਬਿਆਨ ਦੇ ਸਾਂਝੇ ਅੰਤ ਦੁਆਰਾ ਵੱਖਰੇ ਰੂਪ ਤੇ, ਉਨਾਂ ਦੇ ਨਾਲ ਇਨਾਂ ਲਾਲੋਕਿਆਂ ਦਾ ਇਕੋ ਥਾਂ ਤੋਂ, ਇਕੋ ਸਮੇਂ ਸੰਗਤ ਵਿਚ ਹੋ ਜਾਣਾਂ, ਜਿਥੇ ਗੁਰੂ ਆਸਰੇ ਅਤੇ ਬਖਸ਼ਿਸ ਭਾਈ ਸਾਹਿਬ ਜੀ ਦਾ ਆਪਣਾ, ਅਪਣੇ ਗੁਰੂ ਦਾ, ਆਪਣੇ ਗੁਰੂ ਰੂਪ ਖਾਲਸਾ ਪੰਥ ਦਾ ਹੋਇਆ ਸੱਚਾ ਉਭਾਰ ਹੈ ਉਥੇ ਖਾਲਸਾ ਪੰਥ ਦੀ ਸਪਸ਼ਟ ਜੂਨ ਚੌਰਾਸੀ ਤੋਂ ਮੁਕਰਰ ਮੰਜ਼ਿਲ ਲਈ ਸੰਘਰਸ਼ ਨੂੰ ਵੀ ਬਲ ਪਰਦਾਨ ਕਰ ਜਾਣਾਂ ਹੈ। ਵਾਹਿਗੁਰੂ ਜੀ ਭਾਈ ਸਾਹਿਬ ਜੀ ਤੇ ਨਿਜ ਦੇ ਉਭਾਰ ਦੁਆਰਾ ਅਪਣੇ ਗੁਰੂ, ਆਪਣੇ ਗੁਰੂ ਰੂਪ ਖਾਲਸਾ ਪੰਥ ਦੇ ਸੱਚੇ ਉਬਾਰ ਲਈ ਆਪਣੀ ਮਿਹਰ ਦਾ ਬਲਵਾਨ ਹੱਥ ਰੱਖਣ, ਗੁਰੂ ਕਰਤਾ ਪੁਰਖ ਅੱਗੇ ਅਰਦਾਸ ਕਰਦੇ ਹਾਂ।

ਹਾਂ ਇਹ ਗੁਰੂ ਸੁਝਾਇਆ ਉਦਮ ਜੇ ਭਾਈ ਸਾਹਿਬ ਜੀ ਵਲੋਂ ਨੇਪਰੇ ਚੜ੍ਹ ਜਾਂਦਾ ਹੈ ਅਤੇ ਉਹ ਚਾਹੁਣ ਤਾਂ ਵਦੇਸ਼ ਵਿਚ ਮਿਲਕੇ, ਸੰਖੇਪ ਤੱਤ ਸਾਰ ਵਿਚ, ਗੁਰਮਤਿ ਅਨੁਸਾਰ ਗੁਰੂ ਗਿਆਨ ਭਾਵ ਕਰਤੇ ਦੇ ਇਕੋ ਗੁਰਬਾਣੀ ਵਿਚ ਦਰਜ ਸੱਚ ਨੂੰ, ਤਿੰਨ ਸਵਾਲਾਂ ਦੇ ਜਬਾਬਾਂ ਨੂੰ ਛੱਡਕੇ, ਇਹ ਤੁਛ ਕਾਫਲਾ ਸਾਂਝਾ ਕਰ ਸਕਦਾ ਹੈ ਅਤੇ ਉਨਾਂ ਦੀ ਹਰ ਦੁਬਧਾ ਦਾ ਨਿਪਟਾਰਾ, ਗੁਰਬਾਣੀ ਫੁਰਮਾਨ ਦੇ ਆਧਾਰ ਤੇ ਕਰ ਸਕਦਾ ਹੈ।

ਤਿੰਨ ਸਵਾਲਾਂ ਵਿਚੋਂ ਦੋ ਦਾ ਜਬਾਬ ਭੇਦ ਗੁਰਮਤਿ ਵਲੋਂ ਗੁਪਤ ਹੀ ਰੱਖਿਆ ਹੈ:

1) **ਤੁਮਰਾ ਲਖਾ ਨਾ ਜਾਏ ਪਸਾਰਾ।। ਕਿਹ ਬਿਧਿ ਸਜਾ ਪ੍ਰਥਮ ਸੰਸਾਰਾ।।** (ਪਾ:੧੦।। ਕਬਿਯੋਬਾਚ ਬੇਨਤੀ।। ਚੌਪਈ।।)

ਗੁਰਮਤਿ ਸਾਨੂੰ ਇਸ ਪ੍ਰਥਮ ਸੰਸਾਰ ਵਾਰੇ, ਜੋ ਸਾਡੇ ਇਸ ਸੰਸਾਰ ਅਤੇ ਇਸ ਨੂੰ ਸਿਰਜਣ ਦੀ ਬਿਧ ਵਾਰੇ ਨਹੀਂ ਹੈ, ਤਾਂ ਪੂਰਨ ਗਿਆਨ ਬਖਸ਼ਿਸ ਕਰਦੀ ਹੈ। ਪਰ ਕਿਸ ਬਿਧ ਇਹ ਪ੍ਰਥਮ ਸੰਸਾਰ ਸਿਰਜਿਆ, ਗੁਰੂ ਕਰਤਾ ਹੀ ਗਪਤ ਜਾਣਦਾ ਹੋ ਸਦਕਾ ਹੈ ਜਾਂ ਉਹ ਜਿਸ ਨੂੰ ਗੁਪਤ ਗੁਰੂ ਕਰਤਾ ਆਪ ਜਣਾਏ।

2) ਸਿਰਜਣਹਾਰ ਦੀ ਸਾਡੇ ਲਈ ਇਸ ਦਿਸ ਅਦਿਸ ਸਰਿਸ਼ਟੀ ਦੀ ਸਿਰਜਣਾਂ ਅਤੇ ਇਸ ਵਿਚ ਜੀਵ ਜੰਤੂ ਸਰੀਰ ਅਤੇ ਇਨਾਂ ਸੱਭ ਤੇ ਸਿਰਤਾਜ ਇਨਸਾਨ ਜਿਸਮ ਜਾਤ ਦੀ ਪਦਾਇਸ਼ ਦਾ ਸ਼ੁਰੂਆਤ ਪਹਿਲਾ ਪੜਾ ਕਿਥੇ ਸੀ? ਬਾਕੀ ਅਗਲੇ ਦੋ ਪੜਾਵਾਂ ਅਤੇ ਤੀਜੇ, ਜਿਸ ਵਿਚ ਅੱਜ ਆਪਾਂ ਰਹਿ ਰਹੇ ਹਾਂ, ਵਾਰੇ ਗੁਰਮਤਿ ਸਾਨੂੰ ਪੂਰਨ ਗਿਆਨ ਬਖਸ਼ਦੀ ਹੈ।

3) **ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥** (ਪੰਨਾਂ 178)

**ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥ ਕਬੀਰੈ ਸੋ ਧਨੁ ਪਾਇਆ ॥ ਹਰਿ ਭੇਟਤ ਆਪੁ ਮਿਟਾਇਆ ॥** (ਪੰਨਾਂ 655)

ਸਰਿਸ਼ਟੀ ਵਿਚ ਸਰੀਰ ਅਤੇ ਇਸ ਵਿਚ ਜੀਵਨ ਜੋਤ ਦੇ ਪਹਿਲੇ ਸੂਖਮ ਤੱਤ ਇਕ ਸੈਲ ਹੈ। ਜੋ ਆਪਸ ਵਿਚ ਮਿਲਕੇ ਕਈ ਸੈਲ ਦਾ ਜਿਸਮ ਅਤੇ ਜੀਵਨ ਬਣਦੇ ਨੇ ਅਤੇ ਹੌਲੀ ਹੌਲੀ ਇਨਾਂ ਦੇ ਜਿਸਮਾਂ ਵਿਚ ਫਰਕ ਬਣਦੇ ਨੇ। ਫਰਕ ਜਿਸਮਾਂ ਵਿਚ ਖਿਚ ਵਾਂਸ਼ਨਾਂ ਬਣਦੀ ਹੈ, ਕਾਮ ਕ੍ਰਿਆ ਦੁਅਰਾ ਪਦਾਇਸ਼ ਜੀਵ ਹੁਕਮ ਸ਼ੁਰੂ ਹੈ। ਸੈਲ ਅਤੇ ਸੈਲ ਦੇ ਇਕੱਠ ਵਧਦੇ ਜਾ ਰਹੇ ਨੇ ਜੋ ਅੰਤ ਪੂਰੇ ਜਿਸਮ ਅਤੇ ਇਸ ਵਿਚ ਜੀਵਨ ਕਾਰ ਨੂੰ ਚਲਾਉਣ, ਪ੍ਰਾਣੀ ਦਾ ਨਿੱਜ਼ DNA ਵਾਹੁਣ ਅਤੇ ਇਸ ਦਾ ਗੇਨ ਭੰਡਾਰ ਦੁਆਰਾ ਸੁਭਾ ਦੀ ਬਣਤਰ ਲਈ ਜ਼ਿਮੇਵਾਰ ਬਣਦੇ ਨੇ। ਜੋ ਸਰਿਸ਼ਟੀ ਵਿਚ ਜੀਵ ਜੰਤੂ ਅਤੇ ਅੰਤ ਇਨਸਾਨ ਜਿਸਮ ਜੀਵਨ ਦੇ ਅਧਾਰ ਤੱਤ ਹਨ। ਇਨਸਾਨੀ ਜੁਆਨ ਜਿਸਮ ਵਿਚ 100 ਬਿਲੀਅਨ ਭਾਵ 100 000 000 000 000 ਤੋਂ ਉਪਰ ਸੈਲ ਹਨ ਜੋ ਜਿਸਮ ਵਿਚ ਜੀਵਨ ਕਾਰ ਨੂੰ ਚਲਾ ਰਹੇ ਨੇ। ਇਕ ਸੈਲ ਦਾ ਅਕਾਰ ਇਕ ਮਿਲੀ ਮੀਟਰ ਦਾ 40 ਹਜਾਰਵਾਂ ਹਿੱਸਾ ਹੈ। ਇਨਸਾਨੀ ਜਿਸਮ ਸਰੀਰ ਦੇ ਇਨਾਂ ਸੱਭ ਸੈਲਜ਼ ਨੂੰ ਇਕ ਕਿਤਾਰ ਵਿਚ ਕੀਤਾ ਜਾਵੇ ਤਾਂ ਤਿੰਨ ਮਿਲੀਅਨ ਕਿਲੋਮੀਟਰ ਲੰਬੀ ਕਤਾਰ ਬਣਦੀ ਹੈ।

**ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥**

**ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥** (ਪੰਨਾਂ 176)

**ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ ॥** (ਪੰਨਾਂ 419)

**ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥ ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥** (ਪੰਨਾਂ 705)

**ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥**

**ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥** (ਪੰਨਾਂ 714)

**ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥** (ਪੰਨਾਂ 929-930)

**ਆਇ ਵਿਗੂਤਾ ਜਗੁ ਜਮ ਪੰਥੁ ॥ ਆਈ ਨ ਮੇਟਣ ਕੋ ਸਮਰਥੁ ॥ ਆਥਿ ਸੈਲ ਨੀਚ ਘਰਿ ਹੋਇ ॥**

**ਆਥਿ ਦੇਖਿ ਨਿਵੈ ਜਿਸੁ ਦੋਇ ॥ ਆਥਿ ਹੋਇ ਤਾ ਮੁਗਧੁ ਸਿਆਨਾ ॥ ਭਗਤਿ ਬਿਹੂਨਾ ਜਗੁ ਬਉਰਾਨਾ ॥** (ਪੰਨਾਂ 931)

**ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥**

**ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥** (ਪੰਨਾਂ 1021)

**ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥**

**ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥** (ਪੰਨਾਂ 1029)

**ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥** (ਪੰਨਾਂ 1149)

**ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥**

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥** (ਪੰਨਾਂ 1393)

ਇਨਾਂ ਸਭਨਾਂ ਵਿਚੋਂ ਪੰਜ ਸੈਲ, ਜੋ ਜਿਸਮ ਅਤੇ ਇਸ ਵਿਚ ਜੀਵਨ ਲਈ ਅਧਾਰ ਹਨ ਅਤੇ ਇਸ ਦੇ ਖਾਤਮੇ ਮਗਰੋਂ ਇਸੇ ਅਧਾਰ ਤੇ ਗੁਰੂ ਗਿਆਨ ਅਤੇ ਉਸ ਅਨੁਸਾਰ ਕਰਨੀ ਦੁਆਰਾ ਮੁੜ ਆ ਸੁਖ ਭਾਵ ਕਰਤੇ ਦੇ ਮਿਲਾਪ ਲਈ ਵਿਚਕਾਰ ਕੜੀ ਬਣਦੇ ਹਨ ਅਤੇ ਜਿਸਮ ਘਰ ਵਿਚ ਹੀ ਕਰਤੇ ਦੀ ਹੋਂਦ ਦਾ ਸਬੂਤ ਵੀ ਹਨ, ਦੀ ਪ੍ਰੋੜਤਾ ਕਿਸੇ ਸੰਸਾਰ ਦੇ ਜਿਸਮ ਵਿਗਿਆਨੀ ਵਲੋਂ ਹੁਣ ਤੱਕ ਨਾ ਕਰ ਸਕਣੀਂ ਅਤੇ ਨਾ ਹੀ ਅੱਜ ਕਿਸੇ ਗੁਰਸਿਖ ਵਲੋਂ ਇਨਾਂ ਪੰਜ ਪਵਿਤ੍ਰ ਸੈਲ ਦੀ ਨਿਸ਼ਾਨਦੇਹੀ ਕਰਕੇ, ਇਨਾਂ ਨੂੰ ਜਿਸਮ ਘਰ ਵਿਚ ਹੀ ਕਰਤੇ ਰੱਬ ਦੇ ਵਾਸੇ ਦੇ ਸਬੂਤ ਵਜੋਂ ਸੰਸਾਰ ਪੇਸ਼ ਕਰ ਸਕਣਾਂ।

ਸਾਡੇ ਲਈ ਗੁਰੂ ਗਿਆਨ ਦੀ ਬਖਸ਼ਿਸ਼ ਦਾ ਭਾਵ ਇਕ ਹਿਸਾ ਇਹ ਵੀ ਹੈ ਕਿ ਪ੍ਰਥਮ ਸੰਸਾਰ ਤੋਂ ਮਗਰੋਂ ਇਸ ਸਰਿਸ਼ਟੀ ਦੀ ਉਤਪਤੀ, ਇਸ ਵਿਚ ਜੀਵ, ਭਾਵ ਜੀਵਨ ਜੋਤ ਲਈ ਜਿਸਮ ਦੀ ਉਤਪਤੀ ਅਤੇ ਸੱਭ ਉਪਰ ਸਿਰਤਾਜ ਇਨਸਾਨ ਦੀ ਓਤੁਪਤੀ ਤੋਂ ਹੁਣ ਤੱਕ ਦੇ ਤਕਰੀਬਨ 13.4 ਹਜਾਰ ਮਿਲੀਅਨ ਵਰਿਆਂ ਦੇ ਇਸ ਧਰਤ ਦੇ, ਜੀਵ ਦੇ ਅਤੇ ਮਨੁੱਖ ਦੇ ਸੱਚੇ ਇਤਿਹਾਸ ਨੂੰ ਜਾਣ ਲੈਣਾਂ ਹੈ। ਭਾਵ ਗੁਰੂ ਨੇ ਆਪਣੇ ਪੱਲਿਓਂ ਇਕ ਹੱਦ ਗੁਰਬਾਣੀ ਵਿਚ ਦਰਜ ਗਿਆਨ ਨੂੰ, ਆਪਣੇ ਪਿਆਰੇ ਪੰਥ ਦੀ ਝੋਲੀ ਵਿਚ ਪਾ ਦਿੱਤਾ ਹੈ।

**ਸਗਲੀ ਸ੍ਰਿਸਟਿ ਦਿਖਾਇ ਅਚੰਭਵ।। ਆਦਿ ਜੁਗਾਦਿ ਸਰੂਪ ਸੁਯੰਭਵ।।**

ਭਾਈ ਸਾਹਿਬ ਜੀ ਨਾਲ ਮਿਲਣ ਅਤੇ ਵਿਚਾਰ ਦੇ ਉਦਮ ਤੇ ਕਾਰਵਾਈ ਤੋਂ ਆਪਜੀ ਅਸਾਂ ਨੂੰ ਜਾਣੂੰ ਕਰਵਾਂਦੇ ਹੀ ਰਹੋਗੇ। ਗੁਰੂ ਸੁਝਾਇਆ ਉਦਮ ਨਿਸਚੇ ਨਾਲ ਕਰਕੇ ਵੇਖ ਲਿਆ ਜਾਵੇ। ਜਿਤ ਕਰਤੇ ਦੀ, ਕਰਤੇ ਵੱਸ ਹੈ। ਇਸ ਉਦਮ ਦੀ ਸਫਲਤਾ ਲਈ ਗੁਰੂ ਅੱਗੇ ਅਰਦਾਸ ਜੋਦੜੀ ਸਮੇਤ ਅਗਲੀ ਵਾਰ ਤੱਕ ਆਪਜੀ ਨੂੰ ਅਤੇ ਸੰਗੀ ਸਾਥੀ ਸਭ ਭੈਣਾਂ, ਵੀਰਾਂ ਨੂੰ, ਸੰਗਤ ਨੂੰ ਇਹ ਤੁਛ ਗੁਰਸਿਖ ਕਾਫਲਾ ਗੁਰੂ ਫਤਹਿ ਸਾਂਝੀ ਕਰਦਾ ਹੈ: ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ।।

ਤੁਛ ਗੁਰਸਿਖ ਕਾਫਲਾ

ਅਗਵਾਈ ਅਤੇ ਹੁਕਮ ਉਤੇ: ਇਕੋ ਇਕ ਨਾਨਕ ਦੇ ਦਰ ਦਾ, ਗੁਰੂ ਪੰਥ ਦਾ ਦਾਸ

ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ (11.12.2009)

N. Kamal-Fehrenbach  Schöne Aussicht 74a, 65760 Eschborn
Germany. Tel: 06173 67103, Fax: 06173 640321, eMail : ef-nk@t-online.de

ਨੋਟ: ਅਸੀਂ ਜਾਨਬਾਜ ਫੋਰਸ, ਤੁਛ ਗੁਰਸਿਖ ਕਾਫਲੇ ਦੇ ਅਤੇ ਆਪਣੇ ਇਸ ਸਾਂਝੇ ਸੁਝਾਅ ਨੂੰ 7 ਜਨਵਰੀ ਲਈ ਪ੍ਰੋ ਦਰਸ਼ਨ ਸਿੰਘ ਜੀ ਖਾਲਸਾ ਤੱਕ ਪਹੁੰਚਾਉਂਦੇ ਹੋਏ, ਇਸ ਨੂੰ ਵਿਚਾਰਕੇ, ਗੁਰਮਤਿ ਅਨੁਸਾਰ ਫੈਸਲਾ ਲੈਣ ਦੀ ਪੁਰਜੋਰ ਬੇਨਤੀ ਕਰਦੇ ਹਾਂ।

**Jaanbaaz Force (Chairperson) Ms Surinder Kaur Nihal, Phone No. :- 97802-86489, 0172-3923839,**
**Sdr. Bachitar Singh Ahluwalia (General Secretary) Phone No. :- 98772-72549,**
Email: nihal@jaanbaazforce.in, Web: www.jaanbaazforce.in